ਕਾਵਿ ਤਰੰਗਾਂ

ਮੋਤਾ ਸਿੰਘ 'ਗਰੇਵਾਲ'

ASIA VISIONS

ਕਾਵਿ ਤਰੰਗਾਂ

ਮੋਤਾ ਸਿੰਘ ਗਰੇਵਾਲ

© Jassa Singh Grewal S/O
Late S. Mota Singh Grewal
12468-91A
Ave. Surrey BC
V3V 7x5 CANADA
Ph. (604) 543-8427
Cell 604-562-4483

ਮੁੱਲ: **10** ਡਾਲਰ
ਸਾਲ: **2003**

ਛਾਪਕ:
ASIA VISIONS
2920 Gurdev Nagar,
Ludhiana, Punjab, India-141001
Tel: 91-161-426246
Email.janmeja@email.com



i|;k f;|x ro|tkb

ਬਾਈ ਮੋਤਾ ਸਿੰਘ ਗਰੇਵਾਲ ਨੇ ਮੈਨੂੰ ਆਪਣੀ ਕਿਤਾਬ ''ਕਾਵਿ ਤਰੰਗਾਂ'' ਦਾ ਖਰੜਾ ਦਿੱਤਾ ਪਰ ਆਪ ਸਾਨੂੰ ਛੱਡਕੇ ਪ੍ਰਮਾਤਮਾ ਦੀ ਗੋਦ ਵਿਚ ਜਾ ਬਿਰਾਜੇ।

ਉਨ੍ਹਾਂ ਦੇ ਸਪੁੱਤਰ ਸ੍ਰ. ਜੱਸਾ ਸਿੰਘ ਗਰੇਵਾਲ ਦੇ ਜਤਨਾ ਨਾਲ ਇਹ ਪੁਸਤਕ ਛਪੀ ਹੈ। ਮੈਂ ਬਾਈ ਨਾਲ ਕੀਤਾ ਵਾਅਦਾ ਪੂਰਾ ਕੀਤਾ ਹੈ।

– ਹਰਭਜਨ ਸਿੰਘ ਮਾਂਗਟ

XB tkd

ਅਸੀਂ ਹੇਠ ਲਿਖੇ ਵਿਅਕਤੀਆਂ ਦੇ ਹਾਰਦਿਕ ਧਨਵਾਦੀ ਹਾਂ ਜਿਨ੍ਹਾਂ ਨੇ ਪੁਸਤਕ ਪ੍ਰਕਾਸ਼ਨ ਵਿਚ ਯੋਗਦਾਨ ਪਾਇਆ:



ਸ੍. ਸਾਧੂ ਸਿੰਘ ਸਮਰਾ, ਸੀਨੀਅਰ ਮੀਤ ਪ੍ਰਧਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ, ਸ੍. ਬਲਵੰਤ ਸਿੰਘ ਗਿੱਲ , ਪ੍ਰਧਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ



ਸ੍. ਕੁਲਦੀਪ ਸਿੰਘ ਝੰਡ



ਸ੍. ਚਰਨਪਾਲ ਗਿੱਲ

ਸ਼੍ਰੀਮਤੀ ਸਵਰਾਜ ਕੌਰ

ਸ੍ਰ. ਪ੍ਰਿਤਪਾਲ ਗਿੱਲ

ਸ੍ਰ. ਇਕਬਾਲ ਸਿੰਘ ਝੂਟੀ

ਸ੍ਰ. ਹਰਪਾਲ ਸਿੰਘ ਬਰਾੜ

ਸ੍ਰ. ਗੁਰਬਖਸ਼ ਸੈਣੀ, ਸ੍ਰ. ਗੁਰਦੇਵ ਸਿੰਘ ਬੁੱਟਰ, ਸ੍ਰ. ਗੁਰਨਾਮ ਸਿੰਘ ਸੰਘੇੜਾ,
ਤੇ ਸ੍ਰ. ਹਰਦਿਆਲ ਸਿੰਘ ਚੀਮਾ

ਸਮਰਪਿਤ

ਉਨ੍ਹਾਂ ਨੂੰ ਜੋ ਪੰਜਾਬੀ ਮਾਂ ਬੋਲੀ ਲਈ ਦਿਨ ਰਾਤ ਇਕ ਕਰ ਰਹੇ ਹਨ।

– ਮੋਤਾ ਸਿੰਘ ਗਰੇਵਾਲ

;H wsk f;x rotkb

(ਪਤਨੀ ਮੋਤਾ ਸਿੰਘ)

ਸ੍ਰੀਮਤੀ ਹਮੀਰ ਕੌਰ ਅਤੇ ਕਿੱਕਰ ਸਿੰਘ

ਸਵ. ਮੋਤਾ ਸਿੰਘ ਗਰੇਵਾਲ ਉੱਘੇ ਪੰਜਾਬੀ ਕਵੀ ਹਰਭਜਨ ਸਿੰਘ ਮਾਂਗਟ ਨੂੰ ਦਸਤਾਰ ਭੇਟ ਕਰਕੇ
ਸਨਮਾਨਤ ਕਰਦੇ ਹੋਏ, ਨਾਲ ਖੜ੍ਹੇ ਹਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ (ਕਨੇਡਾ) ਦੇ
ਸੀਨੀਅਰ ਮੀਤ ਪ੍ਰਧਾਨ ਸ੍ਰ. ਸਾਧੂ ਸਿੰਘ ਸਮਰਾ

ਮੋਤਾ ਸਿੰਘ ਗਰੇਵਾਲ ਨੂੰ ਆਖਰੀ ਸਫਰ ਤੇ ਰਵਾਨਾ ਕਰਨ ਸਮੇਂ
ਬੈਠੇ ਭੈਣਾਂ ਤੇ ਵੀਰਾਂ ਦੀ ਫੋਟੋ।

ਤਤਕਰਾ

13 ਮੋਤਾ ਸਿੰਘ ਗਰੇਵਾਲ
17 ਦੇਸੋਂ ਆਈ ਨਵੀਂ ਨਵੇਲੀ
20 ਛੁੱਟੀ ਕਰ ਲੈ ਪਤੀ ਜੀ ਭਲਕੇ ਵੇ
23 ਧੀ ਦੱਸਦੀ ਮਾਪਿਆਂ ਨੂੰ
25 ਬੇਰੀ ਦੇ ਮੌਸਮ ਅੰਦਰ
27 ਏਥੇ ਓਲਡ ਪੀਪਲ ਵੀਰੋ
29 ਮਾਤਾ ਪਿਤਾ ਨੂੰ ਚਿੱਠੀ
32 ਵਿਚ ਕਨੇਡਾ ਆ ਕੇ ਸੱਜਣਾ....
35 ਨਾ ਢੋਲਾ ਨਾ ਦਰਦੀ
37 ਦਿਨੇ ਰਾਤ ਚੇਤੇ ਆਉਣ
40 ਬਾਬੇ ਜਾਂਦੇ ਫੁਟ ਪਾਥ ਤੇ
42 ਦੱਸਾਂ ਕੁਝ ਵਿਜ਼ਟਰ ਵੀਰਾਂ ਨਾਲ.....
45 ਆਵੇ ਅੰਤ ਨਾ ਤੇਰੀਆਂ ਕੁਦਰਤਾਂ ਦਾ
48 ਗੀਤ ਅਮਨ ਦੇ ਗਾ ਬੰਦਿਆ!
50 ਕਰ ਲੈ ਰਾਮ ਨਾਮ ਦੀਆਂ ਖੱਟੀਆਂ
52 ਚੇਤੂ ਚੱਲਿਆ ਦੇਸ਼ ਨੂੰ
55 ਕਨੇਡਾ ਦੀ ਲਾਈਫ਼ ਬਾਰੇ
58 ਕਰ ਠੱਗੀ ਠੋਰੀ
60 ਟਰੱਕ ਡਰੈਵਰ
63 ਬਾਲ ਨਿਆਣੇ
66 ਜਦੋਂ ਟੂਰ੍ਹਦੀ ਚੱਲਦੀ ਗੱਲ....
67 ਮੱਲ ਕੁਰਸੀ
69 ਜੋ ਮਿਹਰਾਂ ਕਰੀਆਂ ਦਾਤੇ ਨੇ
70 ਅਸੀਂ ਗੱਭਰੂ ਦੇਸ਼ ਪੰਜਾਬ ਦੇ

ਮੋਤਾ ਸਿੰਘ ਗਰੇਵਾਲ

ਸੀਨੀਅਰ ਸੈਂਟਰ ਚਾਹੇ ਸਰੀ ਹੋਵੇ ਜਾਂ ਵੈਨਕੂਵਰ ਦਾ ਜਦੋਂ ਵੀ ਬਜ਼ੁਰਗਾਂ ਦਾ ਹਫਤੇ ਵਾਰੀ ਇਕੱਠ ਹੁੰਦਾ ਹੈ ਤਾਂ ਸ੍ਰ. ਮੋਤਾ ਸਿੰਘ ਗਰੇਵਾਲ ਨੂੰ ਬੜੇ ਚਾਅ ਅਤੇ ਆਦਰਮਾਣ ਨਾਲ ਪੇਸ਼ ਕੀਤਾ ਜਾਂਦਾ ਹੈ। ਸਟੇਜ ਤੋਂ ਕਵਿਤਾ ਪੜ੍ਹ ਕੇ ਉਹ ਸਾਥੀਆਂ ਦੀ ਮਹਿਫਲ ਹੋਰ ਖੁਸ਼ ਗੁਵਾਰ ਬਣਾ ਦਿੰਦਾ ਹੈ। ਬਾਈ ਮੋਤਾ ਸਿੰਘ ਦਾ ਜਨਮ ਪਿੰਡ ਕਿਲ੍ਹਾ ਰਾਇਪੁਰ (ਲੁਧਿਆਣਾ) ਵਿਖੇ ਪਿਤਾ ਸ੍ਰ. ਹਰੀ ਸਿੰਘ ਗਰੇਵਾਲ ਦੇ ਘਰ **15** ਜਨਵਰੀ **1921** ਨੂੰ ਹੋਇਆ।

ਉਹ ਦਸੰਬਰ **1971** ਦੀ ਠੰਢੀ ਰੁੱਤ ਵਿਚ ਕੈਨੇਡਾ ਆ ਗਿਆ ਤੇ ਨਵਾਂ ਜੀਵਨ ਸ਼ੁਰੂ ਕੀਤਾ। ਫਾਰਮਾਂ ਵਿਚ ਬੇਰੀਆਂ ਤੋੜੀਆਂ ਤੇ ਹੋਰ ਹਰ ਪ੍ਰਕਾਰ ਦਾ ਕੰਮ ਕੀਤਾ। ਹੱਡ ਤੋੜਵੀਂ ਮਿਹਨਤ ਦੇ ਬਾਵਜੂਦ ਉਸ ਨੇ ਮਾਂ ਬੋਲੀ ਪੰਜਾਬੀ ਦਾ ਪੱਲਾ ਨਹੀਂ ਛੱਡਿਆ। ਸ਼ਾਇਦ ਇਹੀ ਵਜਾ ਹੈ ਕਿ ਜਦ ਉਹ ਕਿਸੇ ਸਮਾਗਮ ਵਿਚ ਤਰੱਨਮ ਨਾਲ ਕਵਿਤਾ ਪੜ੍ਹਦਾ ਹੈ ਤਾਂ ਸਰੋਤੇ ਕੀਲੇ ਜਾਂਦੇ ਹਨ।

ਮੇਰੀ ਮੁਲਾਕਾਤ ਮੋਤਾ ਸਿੰਘ ਗਰੇਵਾਲ ਨਾਲ ਉਤਰੀ ਅਮਰੀਕਾ ਕੇਂਦਰੀ ਲੇਖਕ ਸਭਾ ਦੀ ਅਪ੍ਰੈਲ **1999** ਵਾਲੀ ਮਾਸਕ ਮੀਟਿੰਗ ਵਿਚ ਹੋਈ। ਉਦੋਂ ਦੇ ਸਕੱਤਰ ਜਨਰਲ ਪ੍ਰਿਤਪਾਲ ਗਿੱਲ ਨੇ ਮੇਰੀ ਆਮਦ ਦੀ ਖਬਰ ਭਾਰਤੀ ਅਖਬਾਰਾਂ ਵਿਚ ਪੜ੍ਹ ਕੇ ਮੈਨੂੰ ਫੋਨ 'ਤੇ ਜੀ ਆਇਆ ਨੂੰ ਕਿਹਾ। ਆਪਣੇ ਬਾਰੇ ਤੇ ਆਪਣੀ ਸਭਾ ਬਾਰੇ ਜਾਣਕਾਰੀ ਦਿੰਦੇ ਆਖਿਆ ਕਿ,'ਮਾਂਗਟ ਜੀ ਤੁਸੀਂ ਸਾਡੀ ਮੀਟਿੰਗ ਵਿਚ ਆਓ।' ਮੈਨੂੰ ਮੀਟਿੰਗ ਵਿਚ ਪ੍ਰਧਾਨਗੀ ਮੰਡਲ ਵਿਚ ਬਿਠਾਇਆ ਗਿਆ ਤੇ ਇਹ ਤਸਵੀਰ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਵਿਚ ''ਸਾਹਿਤ ਚਰਚਾ'' ਦੇ ਪੰਨੇ 'ਤੇ ਛਪੀ। ਮੇਰੇ ਨਾਲ ਸ਼੍ਰੋਮਣੀ ਸਾਹਿਤਕਾਰ ਸ੍ਰ. ਗੁਰਦੇਵ ਸਿੰਘ ਮਾਨ ਸਨ ਜਿੰਨਾਂ ਨੂੰ ਮੈਂ ਬਹੁਤ ਨੇੜਿਓ ਜਾਣਦਾ ਸਾਂ। ਅਸੀਂ ਭਾਰਤ ਵਿਚ ਇਕੱਠੇ ਹੀ ਸਟੇਜਾਂ ਕਵਿਤਾ ਪੜ੍ਹੀ ਤੇ ਮਹਿਫਲਾਂ ਜਮਾਈਆਂ। ਕੈਨੇਡਾ ਵਿਚ ਅਚਾਨਕ ਮੁਲਾਕਾਤ ਨੇ ਸਾਰੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਮੋਤਾ ਸਿੰਘ ਨੇ ਜਦੋਂ ਤਰੱਨਮ ਵਿਚ ਕਵਿਤਾ ਪੜ੍ਹੀ ਤਾਂ ਮੈਂ ਉੱਠ ਕੇ ਉਸ ਨੂੰ ਜੱਫੀ ਪਾ ਲਈ। ਕੁੱਝ ਕਵਿਤਾ ਦਾ ਅਸਰ ਸੀ ਤੇ ਕੁੱਝ ਤਰੱਨਮ ਦਾ ਤੇ ਫਿਰ ਇਹ ਜਾਣ ਪਛਾਣ ਡੂੰਘੀ ਦੋਸਤੀ ਵਿਚ ਵੱਟਦਿਆਂ ਦੇਰ ਨਾ ਲੱਗੀ। ਮੈਂ ਮੋਤਾ ਸਿੰਘ ਗਰੇਵਾਲ ਦੀ ਕਿਤਾਬ ਦਾ ਖਰੜਾ ਤਿਆਰ ਕਰਵਾ ਕੇ ਪੁਸਤਕ ''ਮੇਰੀ ਕਾਵਿ ਫੁਲਵਾੜੀ'' ਛਪਵਾ ਦਿੱਤੀ ਤੇ ਮੋਤਾ ਸਿੰਘ ਦੀ ਕੈਨੇਡਾ ਅਤੇ ਭਾਰਤ ਵਿਚ ਬੱਲੇ ਬੱਲੇ ਹੋ ਗਈ। ਬਾਈ ਮੋਤਾ ਸਿੰਘ ਦੀ ਕਵਿਤਾ ਵਿਚ ਕਨੇਡਾ ਦਾ ਜਨ ਜੀਵਨ ਸਾਹ ਲੈਂਦਾ ਹੈ।

ਦਿਲਬਰ ਕੰਗ ਨੇ ਇਥੋਂ ਛੱਪਦੇ ਇੱਕ ਅਖਬਾਰ ਵਿਚ ਲਿਖਿਆ, ''ਪੰਜਾਬ ਅਤੇ

ਪ੍ਰਵਾਸੀ ਜ਼ਿੰਦਗੀ ਦਾ ਵਰਨਣ ਕਰਦੀ ਪੰਜਾਬ ਅਤੇ ਕਨੇਡਾ ਬੈਠੇ ਪਿਓ ਪੁੱਤਰ ਦੀ ਵਾਰਤਾਲਾਪ ਕਵਿਤਾ ਰਾਹੀਂ ਪੇਸ਼ ਕਰਕੇ ਮੋਤਾ ਸਿੰਘ ਗਰੇਵਾਲ ਨੇ ਵਾਹ ਵਾਹ ਖੱਟੀ ਹੈ।'' ਇਸੇ ਤਰ੍ਹਾਂ ਕਵੀ ਪ੍ਰਿਤਪਾਲ ਗਿੱਲ ਨੇ ਇੱਕ ਰਿਪੋਰਟ ਵਿਚ ਇਉਂ ਜ਼ਿਕਰ ਕੀਤਾ, ''ਬਜ਼ੁਰਗ ਸ਼ਾਇਰ ਮੋਤਾ ਸਿੰਘ ਨੇ ਇੱਕ ਨਜ਼ਮ ਅਤੇ ਵਾਰ ਸੁਣਾ ਕੇ ਸਰੋਤੇ ਕੀਲੇ।''

ਬੀ.ਸੀ. ਤੋਂ ਛੱਪਦੇ ਇੱਕ ਅਖਬਾਰ ਵਿਚ ਸ਼ਾਇਰ ਬੋਲਦਾ ਹੈ, ਫੀਚਰ ਵਿਚ ਵੀ ਬਾਈ ਮੋਤਾ ਸਿੰਘ ਗਰੇਵਾਲ ਪੇਸ਼ ਹੋ ਚੁੱਕਿਆ ਹੈ। ਰੇਡੀਓ ਪ੍ਰੋਗਰਾਮ 'ਅਟੱਲ ਸਚਾਈ' ਵਿਚ ਹਰ ਹਫਤੇ ਹੁੰਦੇ ਕਵੀ ਦਰਬਾਰ ਦਾ ਉਹ ਇਕ ਜ਼ਰੂਰੀ ਅੰਗ ਹੈ। ਗੁਰਦੁਆਰਾ ਸਰੀ ਦਾ ਕੋਈ ਵੀ ਪ੍ਰੋਗਰਾਮ ਹੋਵੇ ਮੋਤਾ ਸਿੰਘ ਗਰੇਵਾਲ ਨੂੰ ਜ਼ਰੂਰ ਸੰਗਤਾਂ ਦੇ ਰੂਹ-ਬ-ਰੂਹ ਕੀਤਾ ਜਾਂਦਾ ਹੈ। ਉਹ **1971** ਤੋਂ ਕਨੇਡਾ ਵਿਚ ਰਹਿ ਰਿਹਾ ਹੈ ਪਰ ਉਸਨੇ ਪੰਜਾਬ ਨੂੰ ਕਦੇ ਵੀ ਆਪਣੀ ਕਵਿਤਾ ਵਿਚੋਂ ਮਨਫੀ ਨਹੀਂ ਕੀਤਾ।

ਉਸ ਦੀ ਪਹਿਲੀ ਪਲੇਠੀ ਕਿਤਾਬ ਸ੍ਰ. ਗੁਰਦੇਵ ਸਿੰਘ ਮਾਨ ਨੇ ਉਤਰੀ ਅਮਰੀਕਾ ਕੇਂਦਰੀ ਲੇਖਕ ਸਭਾ ਦੀ ਮੀਟਿੰਗ ਵਿਚ ਰੀਲੀਜ਼ ਕੀਤੀ ਸੀ। ਇੰਨ੍ਹਾਂ ਸਤਰਾਂ ਦੇ ਲੇਖਕ ਨੇ ਮੋਤਾ ਸਿੰਘ ਗਰੇਵਾਲ ਦੀ ਕਵਿਤਾ ਬਾਰੇ ਪਰਚਾ ਪੜ੍ਹਿਆ, ਜੋ ਅਖਬਾਰਾਂ ਵਿਚ ਛਪਿਆ। ਇਸ ਦੇ ਨਾਲ ਨਾਲ ਹੀ ਭਾਰਤ ਦੀਆਂ ਪੰਜਾਬੀ ਅਖਬਾਰਾਂ ਵਿਚ ਵੀ ਇਸ ਰੀਲੀਜ਼ ਸਮਾਰੋਹ ਦੀ ਕਵਰੇਜ਼ ਛਪੀ ਤੇ ਮੋਤਾ ਸਿੰਘ ਗਰੇਵਾਲ ਦਾ ਨਾਂਅ ਕੈਨੇਡਾ ਹੀ ਨਹੀਂ ਸਮੁੱਚੇ ਭਾਰਤ ਦੇ ਕੋਨੇ ਕੋਨੇ ਵਿਚ ਫੈਲ ਗਿਆ।

ਮੋਤਾ ਸਿੰਘ ਗਰੇਵਾਲ ਇੱਕ ਕਵੀ ਹੀ ਨਹੀਂ ਸਗੋਂ ਇੱਕ ਹਮਦਰਦ ਇਨਸਾਨ ਵੀ ਹੈ। ਨਾਂਹ ਨਾਂਹ ਕਰਦਿਆਂ ਵੀ ਉਹ ਲੋੜਵੰਦਾਂ ਨੂੰ ਆਪਣੀ ਕਾਰ ਵਿਚ ਲਿਫਟ ਦੇ ਕੇ ਪੁੰਨ ਕਮਾ ਲੈਂਦਾ ਹੈ। ਉਹ ਰਿਟਾਇਰ ਵਿਅਕਤੀ ਵੀ ਨਹੀਂ ਸਗੋਂ ਪੈਨਸ਼ਨ ਯਾਫਤਾ, ਚੁਸਤ, ਬਜ਼ੁਰਗ ਸ਼ਾਇਰ ਹੈ ਜਿਸ ਨੇ ਜ਼ਿੰਦਗੀ ਨੂੰ ਭਰਪੂਰਤਾ ਨਾਲ ਜੀਵਿਆ ਹੈ।

ਉਸ ਨੂੰ ਸਿੱਖ ਇਤਿਹਾਸ ਅਤੇ ਪੰਜਾਬੀ ਵਿਰਸੇ ਦੀ ਵੀ ਡੂੰਘੀ ਜਾਣਕਾਰੀ ਹੈ ਤੇ ਇਹ ਪ੍ਰਭਾਵ ਉਸ ਦੀਆਂ ਕਵਿਤਾਵਾਂ ਵਿਚੋਂ ਹੀ ਪ੍ਰਗਟ ਹੁੰਦਾ ਹੈ। ਜਿਵੇਂ 'ਸੱਚ ਦਾ ਵਿਉਪਾਰੀ ਬਣਿਆ', 'ਮੱਖਣ ਸ਼ਾਹ ਲੁਭਾਣਾ', 'ਦਸ਼ਮੇਸ਼ ਪਿਤਾ', 'ਸੰਤ ਬਾਬਾ ਹਰਨਾਮ ਸਿੰਘ ਜੀ' ਅਤੇ 'ਚਾਲੀ ਮੁਕਤੇ' ਆਦਿ ਕਵਿਤਾਵਾਂ ਹਨ। ਉਸ ਨੇ ਆਪਣੀ ਜ਼ਿੰਦਗੀ ਨੂੰ ਵੀ ਨੇੜਿਓ ਤੱਕਿਆ ਹੈ ਤੇ ਜ਼ਿੰਦਗੀ ਵਿਚ ਭੋਗੇ ਦਰਦ ਤੇ ਦੁੱਖਾਂ ਦਾ ਬਿਆਨ ਵੀ ਕੀਤਾ ਹੈ। ਜਿਵੇਂ ਕਵਿਤਾ, 'ਬੁਰਾ ਵਿਛੋੜਾ' ਬੜੀ ਦਿਲ ਟੁੰਬਵੀਂ ਕਵਿਤਾ ਹੈ।

ਸੰਤ ਬਾਬਾ ਮੀਹਾਂ ਸਿੰਘ ਜੀ ਪ੍ਰਤੀ ਉਸ ਦੀ ਬਹੁਤ ਸ਼ਰਧਾ ਹੈ ਤੇ ਉਸ ਨੇ ਸੰਤਾਂ ਪ੍ਰਤੀ ਆਪਣੀ ਸ਼ਰਧਾ ਵੀ ਇੱਕ ਕਵਿਤਾ ਵਿਚ ਪ੍ਰਗਟ ਕੀਤੀ ਹੈ।

ਉਸ ਨੇ ਸਮਾਜਿਕ ਜ਼ਿੰਦਗੀ ਵੀ ਆਪਣੀਆਂ ਕਵਿਤਾਵਾਂ ਵਿਚ ਬਿਆਨੀ ਹੈ ਤੇ 'ਏ

ਅਰ ਇੰਡੀਆ ਦਾ ਹਾਦਸਾ' ਲਿਖ ਕੇ ਉਸ ਨੇ ਹਾਦਸੇ ਵਿਚ ਮਾਰੇ ਹੋਏ ਬੇਦੋਸ਼ੇ ਤੇ ਬੇਕਸੂਰੇ ਮੁਸਾਫਰਾਂ ਉਤੇ ਹੰਝੂ ਡੋਲ੍ਹੇ ਹਨ।

ਉਸ ਨੇ ਭੁਲਾਇਆ ਕਿਸੇ ਨੂੰ ਵੀ ਨਹੀਂ। ਉਸ ਦੇ ਪਿੰਡ ਕਿਲ੍ਹਾ ਰਾਇਪੁਰ ਵਿਖੇ ਹਰ ਵਰ੍ਹੇ 'ਮਿੰਨੀ ਓਲੰਪਿਕ ਖੇਡ ਮੇਲਾ' ਆਯੋਜਿਤ ਕੀਤਾ ਜਾਂਦਾ ਹੈ ਤੇ ਇਸ ਮੇਲੇ ਦੀ ਰੂਹ ਦਲੀਪ ਸਿੰਘ ਬਾਰੇ ਵੀ ਵਧੀਆ ਕਵਿਤਾ ਦੀ ਉਸ ਨੇ ਸਿਰਜਣਾ ਕੀਤੀ ਹੈ। ਜੋ ਉਸਦੀ ਕਿਤਾਬ ਦੇ ਪੰਨਾ **54** 'ਤੇ ਛਪੀ ਹੈ। ਅੱਜ ਪਾਠਕ ਘੱਟ ਗਏ ਹਨ। ਪੰਜਾਬੀ ਕਵਿਤਾ ਲੋਕਾਂ ਨਾਲੋਂ ਟੁੱਟ ਕੇ ਦੂਰ ਜਾ ਖਲੋਤੀ, ਪਰ ਮੋਤਾ ਸਿੰਘ ਗਰੇਵਾਲ ਦੀ ਕਵਿਤਾ ਸੁਣੀ ਵੀ ਜਾਂਦੀ ਹੈ ਤੇ ਪੜ੍ਹੀ ਵੀ ਜਾਂਦੀ ਹੈ। ਕਿਉਂਕਿ ਉਹਦੀ ਕਵਿਤਾ ਲੋਕਾਂ ਬਾਰੇ ਹੁੰਦੀ ਹੈ ਤੇ ਲੋਕਾਂ ਦੇ ਇਕੱਠ ਵਿਚ ਉਹ ਕਵਿਤਾ ਪੜ੍ਹਨ ਵੀ ਜਾਣਦਾ ਹੈ। ਪੇਸ਼ ਹੈ ਉਸ ਦੀ ਇਕ ਕਵਿਤਾ:

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ
ਜੀ ਦੀ ਤਕਰੀਰ-ਜਮਰੌਦ ਦੀ ਲੜਾਈ ਵੇਲੇ:
ਹੁਣ ਕਰੋ ਤਿਆਰੀ ਜੰਗ ਦੀ ਰਣਜੀਤ ਪੁਕਾਰੇ
ਖੜ੍ਹ ਜਾਓ ਸੀਨਾ ਤਾਣ ਕੇ ਤੇ ਕਰੇ ਇਸ਼ਾਰੇ
ਤੁਸੀਂ ਜਾਪੋ ਵੀਰ 'ਅਜੀਤ' ਦੇ, 'ਜੁਝਾਰ' ਸਾਰੇ
ਤੁਸੀਂ ਮਾਰੇ ਮੁਗਲ ਪਠਾਣ ਸੀ ਰਣ ਜਿੱਤੇ ਭਾਰੇ।
ਤੁਹਾਡੀ ਤੇਗ ਪਿਆਸੀ ਰੱਤ ਦੀ, ਪਈ ਜੀਭਾਂ ਮਾਰੇ।
ਤੁਹਾਡੇ ਸਾਥੀ ਸਿੰਘ ਜਰਨੈਲ ਨੇ ਨਲੂਏ ਜਿਹੇ ਭਾਰੇ।
ਤੁਹਾਡੀ ਸ਼ਾਨ ਸੁਹਾਣੀ ਵੇਖ ਕੇ ਵੈਰੀ ਘਬਰਾਵੇ
ਜਦ ਚੋਟ ਨਗਾਰੇ ਮਾਰਦੇ ਪਰਬਤ ਹਿਲ ਜਾਵੇ
ਜਦ ਕਰੋ ਤਿਆਰੀ ਜੰਗ ਦੀ ਦੁਸ਼ਮਣ ਡਰ ਜਾਵੇ
ਥਾਂ ਥਾਂ ਪੈਣ ਤਰਥਲੀਆਂ ਹਾਹਾਕਾਰ ਮੱਚ ਜਾਵੇ
ਤੁਸੀਂ ਸਿੰਘ ਗੁਰੂ ਦਸ਼ਮੇਸ਼ ਦੇ ਬਚ ਕੋਈ ਨਾ ਜਾਵੇ।
ਧਰਤੀ ਅੰਬਰ ਦਹਿਲਦੇ ਜਾਂ ਖੰਡਾ ਖੜਕਦਾ ਜਾਵੇ।
ਤੁਸੀਂ ਪਹੁੰਚੋ ਵਿਚ ਜਮਰੋਦ ਦੇ ਸਭ ਵੀਰ ਅਕਾਲੀ
ਗਜ਼ ਗਜ਼ ਹਿੱਕਾਂ ਚੌੜੀਆਂ ਮੂੰਹਾਂ 'ਤੇ ਲਾਲੀ
ਤੁਹਾਨੂੰ ਦੇਖ ਕੇ ਦੁਸ਼ਮਣ ਕਰ ਜਾਵੇ ਸਭ ਮੋਰਚੇ ਖਾਲੀ।
ਤੁਸੀਂ ਲੜਿਓ ਵਿਚ ਮੈਦਾਨ ਦੇ ਕਿਰਪਾਨ ਸੰਭਾਲੀ।

ਤੁਸੀਂ ਵੈਰੀ ਕਰਦਿਓ ਡੱਕਰੇ ਨਾਦਰ ਅਬਦਾਲੀ
ਤੁਹਾਡੇ ਸਿਰ 'ਤੇ ਹੱਥ ਦਸ਼ਮੇਸ਼ ਦਾ ਮੇਰੇ ਪੰਥ ਦਾ ਬਾਲੀ।

ਕਿਤਾਬ ਦੀ ਸਭ ਤੋਂ ਵਧੀਆ ਰਚਨਾ ਪੰਨਾ **49** 'ਤੇ ਛਪੀ ਹੈ। 'ਲਿਖਦਾ ਸੀ ਮੁੰਡਾ ਚਿੱਠੀ...' ਜੋ ਕਵੀ ਨੇ ਕਈ ਵਾਰ ਰੇਡੀਓ 'ਤੇ ਵੀ ਪੜ੍ਹੀ ਹੈ। ਉਸ ਵਿਚੋਂ ਇੱਕ ਬੰਦ ਹੈ:-

ਏਧਰ ਤਾਂ ਕਰਨ ਬਹਾਰਾਂ ਘਰ ਘਰ ਸਰਦਾਨੀਆਂ
ਚੁੱਲ੍ਹੇ ਵਲਾਇਤੀ ਪਿਤਾ ਜੀ ਫੂਕਾਂ ਨਹੀਂ ਮਾਰਨੀਆਂ
ਕਪੜੇ ਵੀ ਧੌਣ ਮਸ਼ੀਨਾਂ ਮੱਝਾਂ ਨਹੀਂ ਚਾਰਨੀਆਂ
ਏਧਰ ਤਾਂ ਨੇਕ ਕਮਾਈ ਠੱਗੀਆਂ ਨਹੀਂ ਮਾਰਨੀਆਂ
'ਇੰਡੀਆ' ਤਾਂ ਠੱਗੀ ਠੋਰੀ ਫੇਰਾ ਇੱਕ ਪਾ ਜਾ ਤੂੰ
ਰੇੜੀ ਤੇ ਬੈਲ ਵੇਚ ਕੇ ਸੁਰਗਾਂ ਵਿਚ ਆ ਜਾ ਤੂੰ।

ਮੋਤਾ ਸਿੰਘ ਗਰੇਵਾਲ ਦੀ ਕਵਿਤਾ ਲੋਕਾਂ ਦੇ ਨੇੜੇ ਹੁੰਦੀ ਹੈ। ਬੋਲੀ ਸਾਦੀ ਵਿਚਾਰ ਸਪੱਸ਼ਟ ਤੇ ਰੋਜ਼ਮੱਰ੍ਹਾ ਦੀ ਜ਼ਿੰਦਗੀ ਦਾ ਬਿਆਨ....ਜੋ ਲੋਕ ਮੁਹਾਵਰਾ ਤੇ ਲੋਕ ਜੀਵਨ ਦੀ ਸਾਦਾ ਬਿਆਨ ਕਰਨ ਦੀ ਜੁਗਤ ਜੋ ਮੋਤਾ ਸਿੰਘ ਦੇ ਹਿੱਸੇ ਆਈ ਹੈ ਉਹ ਕਿਸੇ ਹੋਰ ਸ਼ਾਇਰ ਨੂੰ ਘੱਟ ਹੀ ਨਸੀਬ ਹੋਈ ਹੈ। ਉਸ ਦੀ ਪ੍ਰਸੰਸਾ ਆਮ ਆਦਮੀ ਤੋਂ ਲੈ ਕੇ ਮੰਤਰੀ ਤੱਕ ਸਭ ਕਰਦੇ ਹਨ। ਉਸ ਦਾ ਸੁਭਾਅ ਮਿਲਾਪੜਾ ਹੈ ਤੇ ਹਰ ਇਕ ਦੀ ਸਹਾਇਤਾ ਕਰਨਾ ਉਸਦਾ ਮੀਰੀ ਗੁਣ। ਉਹ ਦਹਾਕਿਆਂ ਤੱਕ ਸੀਨੀਅਰ ਸਿਟੀਜ਼ਨ ਸੈਂਟਰ ਸਰੀ ਦਾ ਐਗਜੈਕਟਿਵ ਮੈਂਬਰ ਰਿਹਾ ਹੈ ਤੇ ਅੱਠ ਸਾਲ ਤੱਕ ਨਿਊ ਵੈਸਟ ਸਿੱਖ ਟੈਂਪਲ ਦਾ ਸਕੱਤਰ ਵੀ। ਉਸ ਨੇ ਦੂਜੀ ਸੰਸਾਰ ਜੰਗ ਵਿਚ ਵੀ ਭਾਗ ਲਿਆ ਤੇ ਹੁਣ ਵੀ ਦਿਨ ਰਾਤ ਕਮਿਊਨਿਟੀ ਸੇਵਾ ਕਰਦਾ ਹੈ। ਹੁਣ ਉਸਦੀ ਦੂਜੀ ਕਿਤਾਬ ''ਕਾਵਿ ਤਰੰਗਾਂ'' ਪਾਠਕਾਂ ਦੇ ਹੱਥਾਂ ਵਿਚ ਹੈ। ਪਾਠਕ ਆਪ ਹੀ ਉਸਦੀ ਕਵਿਤਾ ਬਾਰੇ ਆਪਣੀ ਰਾਏ ਸਨਾਉਣਗੇ।

-ਹਰਭਜਨ ਸਿੰਘ ਮਾਂਗਟ
ਜਨਰਲ ਸਕੱਤਰ
ਕੇਂਦਰੀ ਪੰਜਾਬੀ ਲੇਖਕ ਸਭਾ
(ਉੱਤਰੀ ਅਮਰੀਕਾ)
ਸਰੀ ਕਨੇਡਾ

6727-125 Street
68 AVE
Surrey BC
V3W1N7

ਦੇਸੋਂ ਆਈ ਨਵੀਂ ਨਵੇਲੀ

ਦੇਸੋਂ ਆਈ ਨਵੀਂ ਨਵੇਲੀ, ਕਹੇ ਵਾਸਤਾ ਪਾਕੇ
ਫਸੀ ਕਸੂਤੀ ਵਿਚ ਕਨੇਡਾ, ਕੀ ਖੱਟਿਆ ਮੈਂ ਆ ਕੇ?
ਗੋਰੇ ਰੰਗ ਤੋਂ ਕਾਲਾ ਹੋ ਗਿਆ, ਵਿਚ ਫਾਰਮ ਦੇ ਜਾਕੇ
ਬੇਰੀ ਤੋੜਨ ਬਿਰਧ ਵਿਚਾਰੇ, ਦੁਖਦੇ ਹੱਡ ਪੁਰਾਣੇ
ਮੁੜ ਜਾ ਵਤਨਾਂ ਨੂੰ, ਖਸਮਾਂ ਨੂੰ ਖਾਣ ਨਿਆਣੇ....ਮੁੜਜਾ...

ਇਹ ਦੇਸ਼ ਹੈ ਸੁਰਗ ਨਿਸ਼ਾਨੀ, ਵਾਧੂ ਨਖਰੇ ਤੇਰੇ
ਮੰਨ ਲੈ ਆਖਾ ਮੇਰਾ ਹਾਨਣੇ, ਏਥੇ ਸੁਖ ਬਥੇਰੇ
ਵਢ ਵਢ ਦੰਦੀਆਂ ਮੱਛਰ ਖਾਜੂ, ਖਟਮਲ ਚਾਰ ਚੁਫੇਰੇ
ਨਾ ਜਾਈਂ ਵਤਨਾ ਨੂੰ, ਏਥੇ ਸੁਖ ਬਥੇਰੇ....ਨਾ ਜਾਈਂ...

ਦੇਸ਼ ਬਿਗਾਨੇ ਰਹਿਣਾ ਮੁਸ਼ਕਿਲ, ਕਹਿੰਦੇ ਲੋਕ ਸਿਆਣੇ
ਬੇਸਮੈਂਟ ਵਿਚ ਕਰਾਂ ਗੁਜ਼ਾਰਾ, ਉਪਰ ਟੱਪਣ ਨਿਆਣੇ
ਸੱਚ ਕਹਿੰਦਾ ਸੀ ਬਾਪੂ ਮੇਰਾ, ਦੂਰ ਦੇ ਢੋਲ਼ ਸੁਹਾਣੇ
ਮੁੜ ਜਾ ਵਤਨਾ ਨੂੰ.....

ਆਹ ਸਾਲ ਗਿਆ ਲੰਘ ਹਾਨਣੇ, ਅਗਲਾ ਵੀ ਲੰਘ ਜਾਊ
ਘਰ ਦੀ ਕਿਸ਼ਤ ਮਮੂਲੀ ਸੋਹਣੀਏ, ਪੈਂਸ਼ਨ ਵੀ ਲੱਗ ਜਾਊ
ਠੇਕੇਦਾਰ ਦੀ ਕਰ ਲੈ ਚੈਕਰੀ, ਮੈਨੂੰ ਲਗਦਾ ਸਾਊ
ਨਾ ਜਾਈਂ ਵਤਨਾਂ ਨੂੰ, ਕੌਣ ਪਰੌਂਠਾ ਲਾਹੂ?.....

ਦੇਸ਼ ਮੇਰੇ ਵਿਚ ਮੌਜਾਂ ਬੜੀਆਂ, ਕੀ ਕੀ ਖੋਲ੍ਹ ਸੁਣਾਵਾਂ
ਸੂਏ ਨਹਿਰਾਂ ਵਗਣ ਬਥੇਰੇ, ਠੰਡੀਆਂ ਸਰਦ ਹਵਾਵਾਂ
ਝੋਨਾ ਲਾਉਂਦੇ ਭਈਏ ਬੇਲੀਆ, ਜਿਉਂ ਕੂੰਜਾਂ ਦੀਆਂ ਡਾਰਾਂ
ਮੁੜਜਾ ਵਤਨਾਂ ਨੂੰ.....

ਪੱਖਾ ਛੱਡਕੇ ਪੈਜਾ ਪਲੰਘ ਤੇ, ਬੱਚੇ ਗਏ ਸਕੂਲੀਂ
ਪੌਣ ਪੱਖੇ ਦੀ ਦੇਊ ਹੁਲਾਰੇ, ਇਹ ਤਾਂ ਗੱਲ ਮਾਮੂਲੀ
ਏਥੇ ਵਰਗੀ ਮੌਜ ਨਹੀਂ ਰੰਨੇ, ਉਥੇ ਬੋਤੇ ਢੱਗੇ
ਬੱਸ ਪਾਸ ਤੇਰੇ ਵਿਚ ਪਰਸ ਦੇ, ਕਾਰ ਦਰਾਂ ਦੇ ਅੱਗੇ
ਕੀ ਲੈਣਾ ਵਤਨਾਂ ਤੋਂ.....

ਘਰ ਦੀ ਕੋਠੀ ਘਰ ਦਾ ਫਾਰਮ, ਭਈਆਂ ਤੋਂ ਕੰਮ ਕਰਾਵਾਂ
ਫਸੀ ਕਸੂਤੀ ਵਿਚ ਪਰਦੇਸਾਂ, ਕੀਹਨੂੰ ਦੁੱਖ ਸੁਣਾਵਾਂ?
ਬੰਨ ਪੋਟਲੀ ਵਾਂਗ ਫਕੀਰਾਂ, ਨਿਤ ਫਾਰਮ ਵਿਚ ਜਾਵਾਂ
ਵਿਚ ਫਾਰਮ ਦੇ ਰੋਂਦੇ ਬਾਬੇ, ਦੁੱਖਦੇ ਹੱਡ ਪੁਰਾਣੇ
ਮੁੜ ਜਾ ਵਤਨਾਂ ਨੂੰ, ਖਸਮਾਂ ਨੂੰ ਖਾਣ ਨਿਆਣੇ.....

ਭਾਂਡੇ ਕੱਪੜੇ ਧੋਣ ਮਸ਼ੀਨਾਂ, ਦੇਸ਼ ਜਾਨ ਤੋਂ ਪਿਆਰਾ
ਨਾ ਮੱਛਰ, ਨਾ ਮੱਖੀ ਏਥੇ, ਏਹ ਵੀ ਅਜਬ ਨਜ਼ਾਰਾ
ਮੁੰਡੇ ਕੁੜੀਆਂ ਹੰਸਾਂ ਵਰਗੇ, ਸੱਚ ਕਹਿੰਦਾ ਕਰਤਾਰਾ
ਏਸ ਦੇਸ਼ ਦੀਆਂ ਹੈ ਨਹੀਂ ਰੀਸਾਂ, ਨਾ ਕੋਈ ਲਾਵੇ ਲਾਰਾ
ਨਾ ਜਾਈਂ ਇੰਡੀਆ ਨੂੰ ਤੇਰਾ ਰੁਲਜੂ ਹੰਸ ਪਿਆਰਾ....

ਜੋਬਨ ਮੇਰਾ ਡੁੱਲ੍ਹ ਡੁੱਲ੍ਹ ਪੈਂਦਾ, ਵਿਚ ਦੰਦਾਂ ਦੇ ਮੇਖਾਂ
ਢਲੀ ਜੁਆਨੀ ਵਾਂਗ ਬਰਫ਼ ਦੇ, ਜਦ ਸ਼ੀਸ਼ਾ ਮੈਂ ਦੇਖਾਂ
ਬਾਸ ਵੀ ਚੰਦਰਾ ਨਿਮਾਣਾ, ਝਾਕੇ ਵਿੰਗਾ ਟੇਡਾ

ਠੇਕੇਦਾਰ ਦੀ ਚੁੱਭਦੀ ਬੋਲੀ, ਜਿਉਂ ਪਿੰਡੇ ਤੇ ਬੈਂਤਾਂ
ਮੁੜ ਜਾ ਵਤਨਾਂ ਨੂੰ, ਖਸਮਾਂ ਨੂੰ ਖਾਣ ਸਟੈਂਪਾਂ....

ਔਖੀ ਸੌਖੀ ਕੱਟ ਦਿਹਾੜੇ, ਜਿਉਂ ਫੌਜੀ ਵਿਚ ਕੈਂਪਾਂ
ਨਾਊਣ ਧੋਣ ਨੂੰ ਪਾਣੀ ਏਥੇ, ਠੰਡੇ ਤੱਤੇ ਦੀਆਂ ਪਾਈਪਾਂ
ਵਿਚ ਸਟੋਰਾਂ ਰੌਣਕ ਭਾਰੀ, ਲੈਂਗਾ ਵਿਚੇ ਗਰਾਰਾ
ਮੁੰਡਾ ਪੜ੍ਹਦਾ ਵਿਚ ਦਸਮੀ ਦੇ, ਕਿੱਦਾਂ ਹੋਊ ਗੁਜ਼ਾਰਾ
ਨਾ ਜਾਈਂ ਵਤਨਾਂ ਨੂੰ, ਰੁਲਜੂ ਲਾਲ ਪਿਆਰਾ....

ਸੁਫਨਿਆਂ ਦੇ ਵਿਚ ਰਾਤ ਗੁਜ਼ਰਦੀ, ਖੰਭ ਲਾਕੇ ਉੱਡ ਜਾਵਾਂ
ਕੂਚ ਕੂਚ ਮੈਂ ਰੱਖਦੀ ਅੱਡੀਆਂ, ਸੂਟ ਬਦਲਵੇਂ ਪਾਵਾਂ
ਬੂਰੀਆਂ ਮੱਝਾਂ ਖੜੇ ਟਰੈਕਟਰ, ਝੂਠ ਕਦੇ ਨਾ ਬੋਲਾਂ
ਏਸ ਕਨੇਡਾ ਨੇ ਕਿਵੇਂ ਰੋਲੀਆਂ ਕੋਇਲਾਂ?

''ਗਰੇਵਾਲ'' ਹੁਣ ਛੱਡਦੇ ਖਹਿੜਾ, ਵਾਰ ਵਾਰ ਮੈਂ ਕਹਿੰਦੀ
ਖਾਣ ਪੀਣ ਨੂੰ ਟੈਮ ਨਹੀਂ ਮਿਲਦਾ, ਹਫੜਾ ਦਫੜੀ ਰਹਿੰਦੀ
ਵਿਚ ਫਾਰਮ ਦੇ ਚਲਦੀਆਂ ਕੂੰਜਾਂ, ਸੱਚ ਕਹੇ ਕਰਤਾਰੀ
ਏਸ ਕਨੇਡਾ ਨੇ, ਰੋਲ ਦਿੱਤੀ ਸਰਦਾਰੀ
ਏਸ ਕਨੇਡਾ ਨੇ.....

ਛੁੱਟੀ ਕਰ ਲੈ ਪਤੀ ਜੀ ਭਲਕੇ ਵੇ

ਛੁੱਟੀ ਕਰਲੈ ਪਤੀ ਜੀ ਭਲਕੇ ਵੇ
ਮਾਰਲੀ ਥਕੇਵੇਂ ਨੇ ਰਲਕੇ ਰਲਕੇ
ਵੱਡੇ ਬੁਛ ਟੁੱਟ ਜਾਣਗੇ ਸਾਰੇ ਭਲਕੇ....

ਕਰ ਜਿਗਰਾ ਪੰਜਾਬ ਦੀਏ ਜੱਟੀਏ ਨੀ
ਚੱਕਰ ਸਟੈਪਾਂ ਦਾ ਝਲੀਏ ਝਲੀਏ
ਨੀ ਚੱਕਰ ਸਟੈਪਾਂ ਦਾ ਤੁਰ ਚੱਲੀਏ ਚੱਲੀਏ
ਤੂੰ ਤਾਂ ਪੀ ਕੇ ਘੁਰਾੜੇ ਮਾਰੇ ਵੇਂ
ਲੰਚ ਬਣਾਵਾਂ ਤੜਕੇ ਮਾਨਾਂ ਮਾਨਾਂ
ਵੇ ਔਖਾ ਨਿੱਤ ਕਰਨਾ ਜੱਬ ਖ਼ਾਨਾ...

ਚੈਨ ਆਊਗੀ ਸਿਆਲ ਵਿਚ ਤੈਨੂੰ ਨੀ
ਸਾੜੀਆਂ ਖਰੀਦਣ ਨੂੰ ਝੱਲੀਏ ਝੱਲੀਏ
ਵੀਕਾਂ ਤਿੰਨ ਰਹਿ ਗਈਆਂ ਤੁਰ ਚੱਲੀਏ
ਨੱਤ ਕਿਹੜੇ ਮੈਂ ਹੌਸਲੇ ਜਾਵਾਂ ਵੇ
ਖਸਮਾਂ ਨੂੰ ਖਾਣ ਬੇਰੀਆਂ ਵਾਅਦਾ ਵਾਅਦਾ
ਵੇ ਜੱਬਖਾਨਾ ਕਿਸ਼ਤਾਂ ਦਾ ਘਰ ਕਾਹਦਾ?....

''ਲੇ ਆਫ਼'' ਦਾ ਪੁਆੜਾ ਭਾਰੀ ਨੀ
ਕਿਸ਼ਤਾਂ ਨਾ ਹੋਣ ਪੂਰੀਆਂ ਛੱਡਦੂੰ ਛੱਡਦੂੰ
ਫੱਟਾ ਲਾ ਕੇ ''ਫ਼ਾਰ ਸੇਲ'' ਦਾ ਫਾਹਾ ਵੱਢਦੂੰ...
ਇਹ ਨਹੀਂ ਵਿਕਣਾ ਖਸਮਾਂ ਨੂੰ ਖਾਣਾ
ਮਿੱਲਾਂ ਵਿਚ ਲੱਗੇ ਜਿੰਦਰੇ, ਮੇਲਦਾ ਮੇਲਦਾ
ਵੇ ਤਿੰਨ ਵਾਰੀ ਫੱਟਾ ਪੱਟਿਆ ਾ ''ਫਾਰ ਸੇਲ'' ਦਾ...

ਘਰ ਲਿਆ ਸੀ ਹਾਨਣੇ ਆਪਾਂ ਨੇ,
ਤੇਰੀ ਮੇਰੀ ਮਰਜ਼ੀ ਦਾ ਬੀਤੀ ਬੀਤੀ
ਨੀ ਰੀਸ ਗਵਾਂਢਣ ਦੀ ਤੈਂ ਕੀਤੀ...
ਕੰਮ ਲਗਦਾ ਪਤੀ ਜੀ ਔਖਾ ਵੇ
ਹੇਰਾ ਫੇਰੀ ਤੰਗ ਕਰਦੀ ਕਹਿੰਦੇ ਕਹਿੰਦੇ
ਵੇ ਭਰ ਭਰ ਬਾਲਟੀਆਂ ਭਾਅ ਲਾਉਂਦੇ.....

ਚੱਲ ਚਲੀਏ ਹਾਨਣੇ ਆਪਾਂ ਵੀ,
ਸੂਟ ਸਵਾ ਦੂੰਗਾ ਬੱਲੀਏ ਬੱਲੀਏ
ਨੀ ਵੀਕਾਂ ਤਿੰਨ ਰਹਿਗੀਆਂ ਤੁਰ ਚੱਲੀਏ...

ਮੈਨੂੰ ਨਿੱਤ ਦਾ ਥਕੇਵਾਂ ਮਾਰੇ ਵੇ
ਚੂਰ ਚੂਰ ਹੋਈਆਂ ਹੱਡੀਆਂ ਖਾਂਦੀ ਖਾਂਦੀ
ਵੇ ਖਸਮਾਂ ਨੂੰ ਖਾਣ ਬੇਰੀਆਂ ਮੈਂ ਨਈਂ ਜਾਂਦੀ
ਠੇਕੇਦਾਰ ਨੂੰ ਕਿਵੇਂ ਸਮਝਾਓ ਨੀ
ਚਿੱਚੜ ਪੁਰਾਣੇ ਨੂੰ ਝੱਲੀਏ ਝੱਲੀਏ
ਕਾਰ ਤਿਆਰ ਖੜ੍ਹੀ ਤੁਰ ਚੱਲੀਏ.....

ਕੀਤਾ ਕੰਮ ਨਾ ਪਤੀ ਜੀ ਔਖਾ ਵੇ
ਜਿੰਦੜੀ ਨਿਮਾਣੀ ਨੇ ਧਸਗੀ ਧਸਗੀ
ਚੰਦਰੇ ਕਨੇਡੇ ਤੂੰ ਫਸਗੀ
ਕੰਮ ਨਾਲ ਬਹਾਰਾਂ ਏਥੇ ਨੀ
ਲੰਚ ਬਣਾ ਲੈ ਬੱਲੀਏ ਬੱਲੀਏ
ਨੀ ਡਾਲਰਾਂ ਦੀ ਮੌਜ ਬੜੀ ਤੁਰ ਚੱਲੀਏ....

‘‘ਗਰੇਵਾਲ’’ ਤੋਂ ਬੜੀ ਸੰਗ ਲਗਦੀ ਵੇ
ਚੱਕ ਕੇ ‘‘ਫਲੈਟ’’ ਲੰਘਦੀ ਵੇਰਨਾ ਵੇਰਨਾ
ਵੇ ਕਵਿਤਾ ’ਚ ਨਾਮ ਲਿਖਦੂ ਲਾਉਂਦਾ ਦੇਰ ਨਾ....

ਧੀ ਦੱਸਦੀ ਮਾਪਿਆਂ ਨੂੰ

ਧੀ ਦੱਸਦੀ ਮਾਪਿਆਂ ਨੂੰ, ਵੀਰਨੋਂ ਗਈ ਸਾਲ ਪੰਜ ਮਗਰੋਂ....
ਓਥੇ ਮੌਜਾਂ ਬੜੀਆਂ ਨੇ, ਅੰਮੀਏ! ਨਾ ਕੋਈ ਦੇਖੀ ਤੰਗੀ
ਜੱਗ ਜਿਊਣੇ ਮਾਸੜ ਨੇ, ਮੈਨੂੰ ਸੱਚੀਂ ਸੁਰਗ ਦਿਖਾਤਾ
ਅੰਮੀਏ ਰੱਬ ਡਾਢੇ ਨੇ, ਮੇਰਾ ਅੰਨਜਲ ਦੂਰ ਪਚਾਤਾ....

ਘਰ ਘਰ ਵਿਚ ਲਗੀਆਂ ਨੇ, ਪਾਣੀ ਠੰਡੇ ਤੱਤੇ ਦੀਆਂ ''ਪੈਪਾਂ''
ਕੰਮ ਕਰੀਏ ਤਾਂ ਡਾਲਰ ਵੀ ਅੰਮੀਏ ਨਾਲ ਮਿਲਣ ''ਸਟੈਪਾਂ''
ਬੰਨ੍ਹ ਗਾਨਾ ਸ਼ਗਨਾਂ ਦਾ ਮੈਨੂੰ ਦਿਲੀਓਂ ਜਹਾਜ਼ ਚੜ੍ਹਾਤਾ
ਅੰਮੀਏ ਰੱਬ ਡਾਢੇ ਨੇ ਮੇਰਾ ਅੰਨਜਲ ਦੂਰ ਪਚਾਤਾ....

ਇਕ ਹੁਸਨ ਜੁਆਨੀ ਦਾ ਜਿੱਦਾਂ ਫੈਸ਼ਨ ਭਰੀ ਪਟਾਰੀ
ਕਿਵੇਂ ਤੀਆਂ ਸਾਉਣ ਦੀਆਂ, ਅੰਮੀਏ ਰੌਣਕ ਲੱਗਦੀ ਭਾਰੀ
ਇਕੋ ਇਕ ਝੋਰਾ ਨੀ ਜਿਹੜਾ ਜੋੜ ਕਜੋੜ ਬਣਾਤਾ
ਅੰਮੀਏ ਰੱਬ ਡਾਢੇ ਨੇ.....
ਜਦ ਮੌਸਮ ਬੇਰੀ ਦਾ, ਚੱਕਰ ਵਾਰ ਵਾਰ ਹੈ ਆਉਂਦੀ
ਸਸ ਗਲੇ ਈ ਜਾਂਦੀ ਏ ਜਿੱਦਾਂ ਡੋਰੀ ਨਾਲ ਪਰਾਂਦੀ
ਮਾਲਕ ਡੁੱਬ ਜਾਣੇ ਨੇ, ਕੰਡਾ ਦੂਰ ਦੜੇ ਲਾਤਾ
ਅੰਮੀਏ ਰੱਬ ਡਾਢੇ ਨੇ.....

ਸੱਚ ਪੁੱਛੇਂ ਅੰਮੀਏ ਨੀ, ਹੁਸਨ ਲੈ ਗਏ ਕਨੇਡਾ ਵਾਲੇ
ਕੋਈ ਖਾਲੀ ਮੁੜਦਾ ਨਈਂ ਭਾਵੇਂ ਸੀ ਗੋਰੇ ਭਾਵੇਂ ਕਾਲੇ
ਵੀਰਾਂ ਤੇ ਮਾਪਿਆਂ ਨੇ, ਉਨ੍ਹਾਂ ਦੇ ਸ਼ਗਨ ਝੋਲੀ ਵਿਚ ਪਾਤਾ
ਅੰਮੀਏ ਰੱਬ ਡਾਢੇ ਨੇ.....

ਮੇਰਾ ਜੋਬਨ ਸਿਖਰਾਂ 'ਤੇ, ਜਿੱਦਾਂ ਦੁੱਧ ਕਾੜਨੀ ਕੜਿਆ
ਭਰ ਲੈ ਗਏ ਛੰਨੇ ਨੀ, ਭਾਵੇਂ ਸੀ ਪੜ੍ਹਿਆ ਅਨਪੜਿਆ
ਸੀ ਆਉਣਾ ਤੀਆਂ ਨੂੰ ਚੰਦਰੇ ''ਵੀਜ਼ੇ'' ਨੇ ਲੇਟ ਕਰਾਤਾ
ਅੰਮੀਏ ਰੱਬ ਡਾਢੇ ਨੇ.....

ਕੰਮ ਔਖਾ ਫਾਰਮ ਦਾ ਏਹ ਤਾਂ ਹੈ ਗੱਲ ਸੱਚੀ ਤੇਰੀ
ਕਈ ਅਪਣੇ ਵੀ ਚੰਗੇ ਤੇ ਬਹੁਤੇ ਕਰਦੇ ਹੇਰਾ ਫੇਰੀ
ਜੋੜੀ ''ਫ਼ਲੈਟਾਂ'' ਦੀ ਸੱਸ ਨੇ ਸਿਰ ਤੇ ਮੇਰੇ ਟਿਕਾਤੀ
''ਗਰੇਵਾਲ'' ਨਿਮਾਣੇ ਨੇ, ਅੰਮੀਏ ਕਵਿਤਾ ਝੱਟ ਸਣਾਤੀ
''ਗਰੇਵਾਲਾ'' ਕੀ ਆਖਾਂ ਮੈਨੂੰ ਕਾਹਦਾ ਸੁਰਗ ਦਿਖਾਤਾ
ਅੰਮੀਏ ਰੱਬ ਡਾਢੇ ਨੇ, ਮੇਰਾ ਅੰਨ ਜਲ ਦੂਰ ਪਚਾਤਾ।

ਬੇਰੀ ਦੇ ਮੌਸਮ ਅੰਦਰ

ਬੇਰੀ ਦੇ ਮੌਸਮ ਅੰਦਰ, ਗਰਮੀ ਪੈਂਦੀ ਏ
ਖੇਤਾਂ ਦੀ ਸਖਤ ਕਮਾਈ, ਕਰਨੀ ਵੀ ਪੈਂਦੀ ਏ
ਗਰਮੀ ਤੇ ਸਰਦੀ ਸਾਰੀ, ਝੱਲਣੀ ਵੀ ਪੈਂਦੀ ਏ
ਆਕੇ ਇਕ ''ਚੱਕਰ'' ਬੀਬੀ, ਬਾਬੇ ਨੂੰ ਕਹਿੰਦੀ ਏ

''ਰੋਜ਼ ਮੈਂ ਮਗਜ਼ ਖਪਾਵਾਂ, ਬੇਰੀ ਪਿੱਛੇ ਰਹਿੰਦੀ ਏ
ਪੱਤਿਆਂ ਵਿਚ ਹੱਥ ਮਾਰ ਲੈ, ਫੁੱਲਾਂ ਦੀਆਂ ਕਲੀਆਂ ਨੂੰ
ਪਿੱਛੇ ਕਿਉਂ ਛੱਡੀ ਜਾਨ?'' ਸਿਓਨੇ ਦੀਆਂ ਡਲੀਆਂ ਨੂੰ
ਇੰਡੀਆ ਤੋਂ ਆਇਆ ਜਾਪੇ, ਤਾਜ਼ਾ ਸਰਦਾਰ ਵੇ
ਰੀਝਾਂ ਨਾਲ ਤੋੜ ਤੂੰ ਬਾਬਾ, ਐਵੇਂ ਨਾ ਸਾਰ ਵੇ....

ਸਾਡੇ ਤੇ ਸਖਤੀ ਕਰਨੀ, ਗੱਲ ਤੇਰੀ ਮਾੜੀ ਏ
ਜਿਉਂ ਬਾਡਰ ਤੇ ਫਿਰਦੇ ਫੌਜੀ, ਵਰਦੀ ਇਉਂ ਚਾੜੀਏ
ਬਾਬਾ ਕਹਿੰਦਾ ਸੁਣ ਨੀ ਧੀਏ! ਆਦਤ ਤੇਰੀ ਮਾੜੀ ਏ
ਪਿੱਛੇ ਨਾ ਛੱਡਾਂ ਦਾਣਾ, ਚਿੱਟੀ ਮੇਰੀ ਦਾਹੜੀ ਏ।

ਕੰਮ ਤਾਂ ਭਾਗ ਬੰਦੇ ਦਾ, ਹਿਰਦਾ ਨਾ ਸਾੜ ਨੀ
ਸੰਧੂਆਂ ਦੇ ਤੋੜੀ ਬੇਰੀ, ਮੇਰਾ ''ਰਿਕਾਡ'' ਨੀ
ਐਵੇਂ ਨਾ ਮਾਰ ਧਮਕੀਆਂ, ਨਵੀਂ ਨਵੇਲੀ ਐਂ
ਟੋਕ ਟਕਾਈਆਂ ਕਰਦੀ, ਫਿਰਦੀ ਤੂੰ ਬਹੇਲੀ ਐਂ

ਬਾਬਾ ਹੱਡ ਬੀਤੀ ਦੱਸਾਂ, ਨਾਲ ਪਿਆਰ ਦੇ
ਪਹਿਲਾਂ ਮੈਂ ਚੈੱਕਰ ਲੱਗਾ, ਹੁੰਦੀ ਮੁਖਤਿਆਰ ਦੇ
ਇੱਧਰ ਤਾਂ ਸਾਰੇ ਮੈਨੂੰ, ਸਦਾ ਸਤਿਕਾਰ ਦੇ

ਬਾਬਾ ਤੂੰ ਮੈਨੂੰ ਸਮਝੇ ਨਵੀਂ ਨਵੇਲੀ ਵੇ
ਕਾਲਜ ਦੀ ਪੜ੍ਹੀ ਲਿਖੀ ਮੈਂ, ਹਾਕੀ ਵੀ ਖੇਲੀ ਵੇ

ਮੁੜਿਆ ਸੀ ਬਾਬਾ ਉਹ, ਬਿਰਧ ਵਿਚਾਰਾ ਸੀ
ਭਰਕੇ ''ਫਲੈਟ'' ਤੁਰਿਆ, ਤੇ ਕੰਡੇ ਵਲ ਪਧਾਰਾ ਸੀ
ਬੇਰੀ ਵਲੈਤੀ ਜਾ ਕੰਡੇ ਤੇ ਚਾੜੀ ਸੀ
ਹਾਲਤ ਦੇਖੀ ਮੈਂ ਬਿਰਧ ਦੀ ਮਾੜੀ ਸੀ

ਜਾਂਦੀ ਨਾ ਉਸਤੋਂ ਸੀ ਤੜਕੇ ਅੱਖ ਉਗਾੜੀ ਸੀ
ਬੈਠਾ ਦਰਾਂ ਮੂਹਰੇ ਫੇਰ ਲੰਚ ਟਿਕਾਈ ਸੀ
ਫਾਰਮ ਨੂੰ ਜਾਵੇ ਬਾਬਾ ''ਵੈਨ'' ਨਾ ਆਈ ਸੀ...
ਫਾਰਮਾਂ 'ਚ ਰੁਲਦੇ ਬਾਬੇ, ਕਾਹਦੀ ਮਜਬੂਰੀ ਐ
ਪਤਾ ਨਹੀਂ ਕਿਉਂ ਕਨੇਡਾ ਦੇਸ਼ ਦੀ ਮਸ਼ਹੂਰੀ ਐ?...

ਏਥੇ ਓਲਡ ਪੀਪਲ ਵੀਰੋ

ਏਥੇ ਓਲਡ ਪੀਪਲ ਵੀਰੋ, ਐਸ਼ ਬਹਾਰਾਂ ਕਰਦੇ
ਗੌਰਮਿੰਟ ਦੇ ਆਗੂ ਜਿਹੜੇ, ਫਰਕ ਰਾਈਂ ਨਹੀਂ ਕਰਦੇ...ਵੀਰੋ

ਮਿਲਣ ਪੈਨਸ਼ਨਾਂ, ਬੱਸ ਪਾਸ ਵੀ, ਦੁਨੀਆ ਰੰਗ ਬਰੰਗੀ
ਸੁਖੀ ਵਸੇ ਇਹ ਸਦਾ ''ਕੰਟਰੀ'', ਨਾ ਕੋਈ ਦੇਖੀ ਤੰਗੀ....ਵੀਰੋ

ਕੁਲ ਮਹਿਕਮੇ ਏਥੇ ਵੀਰੋ, ਅਪਣਾ ਫਰਜ਼ ਨਿਭਾਉਂਦੇ
ਕਾਰਾਂ ਦੇ ਵਿਚ ਫਿਰਨ ਡਾਕੀਏ, ਘਰ ਘਰ ਡਾਕ ਪੁਚਾਉਂਦੇ ਵੀਰੋ

ਪੁਲਸ ਡਿਓਟੀ ਕਰਦੀ ਮਿੱਤਰੋ, ਅਪਣਾ ਫਰਜ਼ ਨਿਭਾਵੇ
ਦੇਖ ਸੜਕ ਤੇ ਪਿਆ ਸ਼ਰਾਬੀ, ਆਦਰ ਨਾਲ ਬੁਲਾਵੇ ਵੀਰੋ

ਕਹਿਕੇ ''ਮਿਸਟਰ'' ਪਾਕੇ ਜੱਫੀ, ਬਾਹੋਂ ਪਕੜ ਉਠਾਵੇ
ਔਖਾ ਸੌਖਾ ਵਿਚ ਕਾਰ ਦੇ, ਫੁੱਲਾਂ ਵਾਂਗ ਟਿਕਾਵੇ ਵੀਰੋ

ਘੁੰਮ ਘੁਮਾਉਂਦਾ, ਲੰਘਦਾ ਲੰਘਦਾ ਟੱਲੀ ਜਾ ਖੜਕਾਵੇ
ਸ਼ਾਮੋ ਓਲਡਮੈਨ ਪਿਤਾ ਨੂੰ ''ਬੈਂਕਯੂ'' ਕਹਿ ਫਰਮਾਵੇ ਵੀਰੋ

ਧੰਨ ਪਦਾਰਥ ਏਥੇ ਬਹੁਤਾ, ਭਰੀਆਂ ਪਈਆਂ ਬੈਂਕਾਂ
ਕੰਮ ਕਰੋ ਤਾਂ ਮਿਲਦੇ ਡਾਲਰ, ਨਾਲੇ ਮਿਲਣ ''ਸਟੈਂਪਾਂ'' ਵੀਰੋ

ਏਸ ''ਕੰਟਰੀ'' ਅੰਦਰ ਵੀਰੋ, ਨਾ ਕੋਈ ਦੇਖੀ ਤੰਗੀ
ਘਰ ਘਰ ਮੂਹਰੇ ਖੜੀਆਂ ਕਾਰਾਂ, ਦੁਨੀਆ ਰੰਗ ਬਰੰਗੀ ਵੀਰੋ

ਏਥੇ ਦਾ ਇਕ ਫੈਸ਼ਨ ਵੀਰੋ, ਹੈ ਡਾਢੀ ਮਜਬੂਰੀ
''ਟੈਲੀਫੋਨ ਤੇ ਟੈਲੀਵੀਜ਼ਨ'' ਤੀਜੀ ਕਾਰ ਜ਼ਰੂਰੀ! ਵੀਰੋ

''ਗਰੇਵਾਲ'' ਛੱਡ ਲੰਮਾ ਝਗੜਾ, ਕਾਹਨੂੰ ਗੱਲ ਵਧਾਉਣੈਂ
ਘਰ ਘਰ ਦੇ ਵਿਚ ਵੱਜਣ ਟੇਪਾਂ, ਗਾਣੇ ਗਾਉਂਦਾ ''ਮਾਣਕ''
ਘਰ ਬੈਠਿਆਂ ਨੂੰ ''ਚਿਕਾਂ'' ਆਉਂਦੀਆਂ, ਧਨ ਗੁਰ ਬਾਬਾ ''ਨਾਨਕ'' ਵੀਰੋ...

ਮਾਤਾ ਪਿਤਾ ਨੂੰ ਚਿੱਠੀ

ਰੀਝਾਂ ਨਾਲ ਚਿੱਠੀ ਭਰੀ ਮਾਈ ਬਾਪ ਦੀ,
ਪੁੱਤਰ ਪਿਆਰੇ ਨੇ

ਕਦੇ ਪਾਵੇ ਤਾਰ, ਕਦੇ ਲਿਖੇ ਖਤ ਨੂੰ
ਦੱਸੇ ਗੱਲਾਂ ਸਾਰੀਆਂ
''ਔਣਾ ਹੈ ਕਨੇਡਾ ਤੁਸੀਂ ਮਾਤਾ ਪਿਤਾ ਜੀ
ਕਰ ਲਉ ਤਿਆਰੀਆਂ!''

ਖੁਸ਼ੀਆਂ ਦਾ ਖਤ ਪੜ੍ਹਿਆ ਪਿਆਰ ਨਾਲ,
ਇਉਂ ਦਲੀਲਾਂ ਧਾਰੀਆਂ
ਹੋਵੇ ਨਾ ਬਿੜਕ ਕਿਤੇ ਆਂਡ ਗੁਆਂਢ ਨੂੰ,
ਕਰਨ ਤਿਆਰੀਆਂ!

ਪੇਕੇ ਸੌਹਰੀ ਤੋਰਤਾ ਸਾਮਾਨ ਕੁੱਲ ਜੀ,
ਨਾ ਲਗਾਈ ਆ ਬਿੰਦ ਰੇ!
ਬਾਬੇ ਦਾਦੇ ਆਲੀ ਫੱਟੀ ਕੁੱਲ ਪੋਚਤੀ,
ਘਰੀਂ ਮਾਰੇ ਜਿੰਦਰੇ

ਚੜ੍ਹਗੇ ਜਹਾਜ਼ ਦੇਸ ਓ ਪੰਜਾਬ 'ਚੋਂ,
ਰਕਮਾਂ ਸੀ ਤਾਰੀਆਂ
ਪਹੁੰਚਗੇ ਕਨੇਡਾ ਧੀਆਂ ਪੁੱਤਾਂ ਪਾਸ ਜੀ
ਮਾਰਕੇ ਉਡਾਰੀਆਂ

ਦਸ ਬੀਸ ਰੋਜ ਜੋ ਖੁਸ਼ੀਆਂ 'ਚ ਬੀਤਗੇ
ਇਉਂ ਦਲੀਲਾਂ ਧਾਰੀਆਂ
''ਕੰਮ ਹੈ ਕਰਨਾ'' ਆਖੇ ਪੁੱਤ ਬਾਪ ਨੂੰ,
''ਤੁਸੀਂ'' ਬੇਰੀ ਤੋੜ ਲਓ!

ਫਾਰਮਾਂ ਦਾ ਕੰਮ ਏਹੀ ਖੇਤੀ ਬਾੜੀ ਹੈ,
ਨਾਲੇ ''ਡਾਲੇ'' ਜੋੜ ਲਓ!''
ਕਰਕੇ ਦਲੀਲ ਪੱਕੀ ਫੋਨ ਮਾਰਤਾ,
ਓਨੇ ਠੇਕੇਦਾਰ ਨੂੰ

''ਚੁੱਕੀ ਤੂੰ ਸਵੇਰੇ ਨਾਲ ਆ ਕੇ ਟੈਮ ਦੇ,
ਪਿਤਾ ਸੂਬੇਦਾਰ ਨੂੰ
ਆ ਗਿਆ ਟਰੱਕੀ ਵਾਲਾ ਠੀਕ ਟੈਮ ਤੇ,
ਰੋਜ ਦਾ ਜੋ ਕਾਮ ਸੀ

ਚੜ੍ਹ ਗਿਆ ਟਰੱਕੀ ਵਿਚ ਛਾਲ ਮਾਰਕੇ,
ਫ਼ੌਜ ਦਾ ਜਵਾਨ ਸੀ
ਸਿਰਾਂ ਉੱਤੇ ਟੋਪੀਆਂ ਟਿਕਾਈਆਂ ਭੈਣਾਂ ਨੇ
ਉਹ ਦੇਖਦੇ ਹੈਰਾਨ ਸੀ

ਬੈਠਕੇ ਟਰੱਕੀ ਵਿਚ ਸੋਚੀਂ ਪੈ ਗਿਆ
ਕਰਿਆ ਬਿਆਨ ਸੀ
ਬਾਲ ਬੱਚੇ ਸਣੇ ਬੈਠੀਆਂ ਬਥੇਰੀਆਂ
ਧੀਆਂ ਕਈ ਜਵਾਨ ਸੀ

ਫਾਰਮਾਂ ਦਾ ਹਾਲ ਡਿੱਠਾ ਜਾਕੇ ਓਸਨੇ,
ਦਿਲ ਵਿਚ ਘਬਰਾਉਂਦਾ ਸੀ
ਫਸ ਗਿਆ ਸ਼ੇਰ ਪਿੰਜਰੇ 'ਚ ਆਣਕੇ,
ਡਾਢਾ ਪਛਤਾਉਂਦਾ ਸੀ।

ਵਿਚ ਕਨੇਡਾ ਆ ਕੇ ਸੱਜਣਾ....

ਵਿਚ ਕਨੇਡਾ ਆਕੇ ਸੱਜਣਾ ਜੇ ਤੂੰ ਟੌਹਰ ਬਨਾਉਣੀ
ਚੰਗਾ ਕੋਰਸ ਕਰਲੀਂ ਕੋਈ, ਸਿੱਖੀਂ ਕਾਰ ਚਲਾਉਣੀ

ਕਿਰਤ ਕਮਾਈ ਏਥੇ ਔਖੀ, ਬਿਨਾ ਕਾਰ ਨਈਂ ਹੋਣੀ
ਊਚ ਨੀਚ ਦਾ ਫਰਕ ਨਈਂ ਏਥੇ, ਤਾਈਂ ''ਕੰਟਰੀ'' ਸੋਹਣੀ
ਧੁੱਪਾਂ ਦੇ ਵਿਚ ਕਰਨ ਕਮਾਈਆਂ, ਰੰਗ ਜਿਉਂ ਲਾਲ ਮਤਾਬੀ
ਮਿੱਲਾਂ ਦੇ ਵਿਚ ਫੱਟੇ ਖਿੱਚਣ, ਗੋਰੇ ਅਤੇ ਪੰਜਾਬੀ
ਰੋਜ਼ ਦਿਹਾੜੀ ਲਾਉਣੀ ਪੈਂਦੀ, ਨਾ ਹਾੜੀ ਨਾ ਸਾਉਣੀ
ਵਿਚ ਕਨੇਡਾ ਆਕੇ ਸੱਜਣਾ, ਜੇ ਤੂੰ ਟੌਹਰ ਬਨਾਉਣੀ.....

ਫਸ ਗਏ ਕਈ ਕਨੇਡਾ ਆਕੇ, ਹੌਕੇ ਭਰਨ ਵਿਚਾਰੇ
ਲਹੂ ਪਸੀਨਾ ਡੁੱਲ੍ਹ ਡੁੱਲ੍ਹ ਪੈਂਦਾ, ਤਿੱਖੇ ਚੱਲਣ ਆਰੇ
ਰਾਤ ਦਿਨੇ ਪਏ ਫੱਟੇ ਖਿੱਚਣ, ਔਖੀ ਮਿਹਨਤ ਕਰਨੀ
ਕਈ ਤਰ੍ਹਾਂ ਦੇ ਟੈਕਸ ਕੱਟਣ, ਪਵੇ ਹਕੂਮਤ ਜਰਨੀ

ਇੰਡੀਆ ਦੇ ਵਿਚ ਘਰ ਦੀ ਚੌਧਰ, ਘਰ ਘਰ ਕਰਦੇ ਭਾਈ
ਏਥੇ ਘਰ ਦੀ ਚੌਧਰ ਵੀਰਾਂ ਭੈਣਾਂ ਜ਼ਿੰਮੇ ਲਾਈ
ਲੰਚ ਬੰਨਣ ਬੱਚੇ ਸਾਂਭਣ, ਘਰ ਦੀ ਕਰਨ ਸਫ਼ਾਈ
ਖੇਤਾਂ ਦੇ ਵਿਚ ਮਾਰ ਮੜਾਸਾ, ਡਟਕੇ ਕਰਨ ਕਮਾਈ
ਦਿਨੇ ਰਾਤ ਸਭ ਕਰਦੇ ਮਿਹਨਤ ਪੈਂਦੀ ਲਾਈਫ਼ ਬਨਾਉਣੀ
ਵਿਚ ਕਨੇਡਾ.....

ਖੇਤਾਂ ਦੇ ਵਿਚ ਮਿਹਨਤ ਕਰਦੇ ਯੰਗਮੈਨ ਕਈ ਹਾਣੀ
ਲੰਚ ਟੈਮ ਤੇ ਕੱਠੀ ਹੁੰਦੀ, ਕੁਲ ਬਿਰਧਾਂ ਦੀ ਢਾਣੀ

ਦੇਸ਼ ਦੀਆਂ ਸਭ ਕਰਦੇ ਗੱਲਾਂ, ਕੱਠੇ ਹੋਕੇ ਬੰਦੇ
ਮੂੰਹੋਂ ਮੂੰਹੀਂ ਇਕ ਦੂਜੇ ਨੂੰ, ਗੱਲ ਹਾਸੇ ਦੀ ਕਹਿੰਦੇ
ਮਾਲਵਾ ਅਤੇ ਦੋਆਬਾ ਮਾਝਾ, ਰਲਮਿਲ ਸਾਰੇ ਬਹਿੰਦੇ
ਸੱਚੀਆਂ ਗੱਲਾਂ ਲਿਖੀਆਂ ਵੀਰੋ, ਜੋ ਉਨ੍ਹਾਂ ਨੇ ਕਹੀਆਂ
ਨਾ ਦਾ ਪਾਣੀ ਸਾਂਝਾ, ਨਾ ਛੱਪੜ ਵਿਚ ਮਹੀਆਂ
ਨੇਕ ਕਮਾਈ ਫਲਦੀ ਵੀਰੋ, ਹੁੰਦੀ ਦੂਣੀ ਚੌਣੀ
ਵਿਚ ਕਨੇਡਾ.....

ਕਈ ਕਹਿੰਦੇ ਅਸੀਂ ਫਸਗੇ ਏਥੇ, ਏਥੇ ਨਾ ਕੋਈ ਘਰ ਦਾ ਝੱਲੇ
ਕਈ ਵੀਰਾਂ ਨੂੰ ਲੱਗੀਆਂ ''ਪਿਨਸ਼ਨਾਂ'' ਹੁੰਦੀ ਬੱਲੇ ਬੱਲੇ!
ਚੋਰੀ ਛਿਪੇ ਪੀਣ ਵਿਸਕੀਆਂ, ਜਾਂ ਉੱਤੇ ਜਾਂ ਥੱਲੇ
ਕਈ ਸੱਜਣਾ ਦੀ ਏਥੇ ਵੀਰੋ, ਹੇਰਾਫੇਰੀ ਚੱਲੇ
ਪੇਟ ਪ੍ਰਸਤੀ ਨੀਤੋਂ ਭੁੱਖਾ ਪੂਰੀ ''ਇੰਗਲਿਸ਼'' ਬੋਲੇ
ਜੀ ਹਜ਼ੂਰੀ ਉਤੋਂ ਉਤੋਂ ਢਿੱਡੋਂ ਕੁਫਰ ਪਿਆ ਤੋਲੇ
ਕਈ ਸੰਤੋਖੀ ਸਬਰ ਸ਼ੁਕਰ ਨਾਲ ਏਥੇ ਕਰਨ ਗੁਜਾਰਾ
ਪੇਟ ਦੀ ਖਾਤਰ ਬੱਚੇ ਛੱਡੇ, ਜਿਉਂ ਕੂੰਜਾਂ ਦੀਆਂ ਡਾਰਾਂ
ਪੁਲਸ ਮਹਿਕਮਾ ਸੱਚਾ ਸੁੱਚਾ, ਸੱਚੀਆਂ ਨੇ ਸਰਕਾਰਾਂ
ਕਈ ਵੀਰਾਂ ਦੇ ਬਿਜਨਸ ਹੁੰਦੇ, ਕਰਦੇ ਐਸ਼ ਬਹਾਰਾਂ
ਪੀਦੇ ਵਿਸਕੀ, ਖਾਂਦੇ ਮੁਰਗਾ, ਐਸ਼ ਕਰਨ ਮਨ ਭਾਉਣੀ
ਵਿਚ ਕਨੇਡਾ.....

ਖੇਤਾਂ ਦੇ ਵਿਚ ਰੌਣਕ ਦੇਖੀ, ਬੇਰੀ ਤੋੜਨ ਭਾਈ
ਇਕ ਦੂਜੇ ਨਾਲ ਕਰਨ ਵਿਚਾਰਾਂ, ''ਏਥੇ ਨੇਕ ਕਮਾਈ''
ਏਥੇ ਦਾ ਇਕ ਫੈਸ਼ਨ ਕਹਿੰਦੇ, ਹੈ ਪੱਕੀ ਮਜਬੂਰੀ
ਕਾਰ, ਫੂਨ ਤੇ ਟੇਲੀਵੀਜ਼ਨ ਘਰ ਦੇ ਵਿਚ ਜ਼ਰੂਰੀ
ਇੰਡੀਆ ਦੇ ਵਿਚ ਠੱਗੀ ਠੋਰੀ, ਏਥੇ ਨੇਕ ਕਮਾਈ

ਮਿਲਣ ''ਸਟੈਪਾਂ'' ਨਾਲ ''ਡਾਲਰ'', ਕੇਸੀ ਬਣਤ ਬਣਾਈ
ਸੁਖੀ ਵਸੇ ਏਹ ਸਦਾ ਕੰਟਰੀ, ਨਾ ਕੋਈ ਦੇਖੀ ਤੰਗੀ
ਤਰ੍ਹਾਂ ਤਰ੍ਹਾਂ ਦੀ ਵਸਦੀ ਦੁਨੀਆ, ਏਥੇ ਰੰਗ ਬਰੰਗੀ
ਘਰ ਘਰ ਦੇ ਵਿਚ ਵੱਜਣ ਟੇਪਾਂ, ਗਾਵੇ ਗਾਣੇ ''ਮਾਣਕ''
ਘਰ ਬੈਠਿਆਂ ਨੂੰ '' ਚਿਕਾਂ'' ਆਉਂਦੀਆਂ, ਧੰਨ ਗੁਰ ਬਾਬਾ ਨਾਨਕ!
ਕਹਿੰਦੇ ਧਨ ਗੁਰ ਬਾਬਾ ਨਾਨਕ!
''ਗਰੇਵਾਲ'' ਨੇ ਤਾਹੀਓਂ ਕਵਿਤਾ, ਮਿੱਤਰਾਂ ਤਾਈਂ ਸੁਨਾਉਣੀ....
ਵਿਚ ਕਨੇਡਾ.....

ਨਾ ਢੋਲਾ ਨਾ ਦਰਦੀ

ਵਿਚ ਕਨੇਡਾ ਫਸੀ ਕਸੂਤੀ, ਨਾ ਢੋਲਾ ਨਾ ਦਰਦੀ
ਰੋਜ਼ ਦਿਹਾੜੇ ਤੋੜਾਂ ਬੇਰੀ, ਝੱਲਾਂ ਗਰਮੀ ਸਰਦੀ
ਮੁੜ ਜਾ ਵਤਨਾ ਨੂੰ, ਰੋਜ਼ ਦਲੀਲਾਂ ਕਰਦੀ.....

ਜੋਬਨ ਮੇਰਾ ਡੁੱਲ੍ਹ ਡੁੱਲ੍ਹ ਪੈਂਦਾ, ਵਿਚ ਦੰਦਾਂ ਦੇ ਮੇਖਾਂ
ਢਲੀ ਜੁਆਨੀ ਵਾਂਗ ਬਰਫ਼ ਦੇ, ਜਦ ਸ਼ੀਸ਼ਾ ਮੈਂ ਦੇਖਾਂ
ਬਾਸ ਵੀ ਚੰਦਰਾ ਬੁੜ ਬੁੜ ਕਰਦਾ, ਝਾਕੇ ਵਿੰਗਾ ਟੇਡਾ
ਮੁੜ ਜਾ ਵਤਨਾਂ ਨੂੰ ਕਾਹਦਾ ਸੁਰਗ ਕਨੇਡਾ?....

ਦੇਸ਼ ਮੇਰੇ ਵਿਚ ਮੌਜਾਂ ਬੜੀਆਂ, ਕੀ ਕੀ ਖੋਲ੍ਹ ਸੁਣਾਵਾਂ
ਸੂਏ ਨਹਿਰਾਂ ਵਗਣ ਵਥੇਰੇ, ਠੰਡੀਆਂ ਸਰਦ ਹਵਾਵਾਂ
ਕੂਚ ਕੂਚ ਮੈਂ ਰੱਖਦੀ ਅੱਡੀਆਂ, ਸੂਟ ਬਦਲਵੇ ਪਾਵਾਂ
ਧੀ ਪਰਦੇਸਣ ਨੂੰ ਰੋਜ਼ ਉਡੀਕਣ ਮਾਵਾਂ
ਮੁੜ ਜਾ ਵਤਨਾਂ ਨੂੰ, ਇਹ ਤਾਂ .....
ਮੁੜ ਜਾ ਵਤਨਾਂ ਨੂੰ ਕਾਹਦਾ ਸੁਰਗ ਕਨੇਡਾ.....

ਕਰ ਕਰ ਮਿਹਨਤ ਥੱਕੇ ਯਾਰੋ, ਉਮਰ ਬੀਤਗੀ ਸਾਰੀ
ਮੁੰਡੇ ਕੁੜੀਆਂ ਹੱਥੋਂ ਨਿਕਲਗੇ, ਸੱਚ ਕਹਿੰਦੀ ਕਰਤਾਰੀ
ਰੋਜ਼ ਰੇਡੀਓ ਦਵੇ ਦਲੀਲਾਂ, ਐਵੇਂ ਦੁਨੀਆ ਖਹਿੰਦੀ
ਬੋਲ ਸ਼ਰੀਕਾਂ ਦੇ, ਮੈਂ ਬਾਬਲਾ ਸਹਿੰਦੀ

ਹੂਰਾਂ ਪਰੀਆਂ ਤੋੜਨ ਬੇਰੀ, ਵੈਨ ਜਾਵੇ
ਵਿਚ ਫਾਰਮ ਦੇ ਫਿਰਦੀ ''ਚੈਕਰ'', ਵੰਗਾਂ ਨੂੰ ਛਣਕਾਵੇ
ਇਹਦੇ ਰੋਗਾਂ ਦੀ ਵੈਦ ਨੂੰ ਸਮਝ ਨਾ ਆਵੇ

ਦੇਖ ਰੇਡੀਓ ਚੱ ਲ ਹਮੇਸ਼ਾ, ਧੁੰਮਾਂ ਚਾਰ ਚੁਫੇਰੇ
ਪਿੰਡਾਂ ਦੇ ਵਿਚ ਚਲਦਾ ਹੁੰਦਾ, ਸੁਣਦੀ ਬੈਠ ਬਨੇਰੇ
ਜਲਦੀ ਬਟਨ ਦਬਾਦੇ ਕੁੜੀਏ, ਵਾਰ ਵਾਰ ਮੈਂ ਕਹਿੰਦੀ
ਇਹਦੇ ਬੋਲਾਂ ਦੀ ਧਮਕ ਕਨੇਡਾ ਪੈਂਦੀ

ਸੈਰ ਕਰਨ ਸੀ ਆਏ ਅਤਰੀ, ਵਿਚ ਫਾਰਮ ਦੇ ਰੁਲਗੇ
ਸੱਚੀ ਗੱਲ ਜੇ ਪੁੱਛੋਂ ਅਤਰੀਏ, ਐਵੇਂ ਦੁੱਖੜੇ
ਮੁੜੀਏ ਇੰਡੀਆ ਨੂੰ, ਰੋਜ਼ ਦਲੀਲਾਂ ਕਰਦੇ

ਰੋਜ਼ ਰੇਡੀਓ ਚੱਲੇ ਹਮੇਸ਼ਾ, ਦੇਵੇ ਠੀਕ ਦਲੀਲਾਂ
''ਗਰੇਵਾਲ'' ਹੁਣ ਛੱਡਦੇ ਖਹਿੜਾ ਸੁਣੇ ਬਿਨਾ ਨਹੀਂ ਰਹਿੰਦੀ
ਇਹਦੇ ਬੋਲਾਂ ਦੀ ਧਮਕ ਕਨੇਡਾ ਪੈਂਦੀ.....

ਦਿਨੇ ਰਾਤ ਚੇਤੇ ਆਉਣ

ਛੱਲੀਆਂ ਕਮਾਦ ਝੋਨੇ ਅੱਖਾਂ ਮੂਹਰੇ ਘੁੰਮਦੇ ਨੇ
ਦਿਨੇ ਰਾਤ ਚੇਤੇ ਆਉਣ ਬੈਲਾਂ ਦੀਆਂ ਜੋੜੀਆਂ
ਲਾਲਚਾਂ ਦੇ ਪਿੱਛੇ ਲਗ ਛੱਡਿਆ ਪੰਜਾਬ ਵੀਰੋ,
ਘਰ ਬਾਰ ਤਾਈਂ ਹੱਥੀਂ ਮਾਰ ਆਏ ਜਿੰਦਰਾ
ਦਿਨੇ ਰਾਤ ਸੁਤਾ ਮੇਰੀ ਘੁੰਮਦੀ ਪੰਜਾਬ ਵਿਚ
ਫਸਗੇ ਕਸੂਤੇ ਤੇ ਵਿਛੋੜਾ ਪਿਆ ਚੰਦਰਾ।

ਮੱਝੀਆਂ ਲਵੇਰੀਆਂ ਨੂੰ ਚੋਣ ਮੁਟਿਆਰਾਂ ਨਿੱਤ,
ਬਿਨਾ ਪੀਤੇ ਨਸ਼ਾਂ ਵੀਰੋ ਚੜ੍ਹਦਾ ਸ਼ਰਾਬ ਦਾ
ਮੱਝੀਆਂ ਨਹਾਉਣ ਜਾਕੇ ਮੋਟਰਾਂ ਤੇ ਨਿੱਤ ਭਈਏ,
ਫਸਿਆ ਕਸੂਤਾ ਆਕੇ ਜੱਟ ਮੈਂ ਪੰਜਾਬ ਦਾ
ਏਥੈ ਆਕੇ ਕੰਮ ਮੈਂ ਨੌਕਰਾਂ ਦੇ ਵਾਂਗ ਕਰਾਂ,
ਓਥੇ ਮੈਨੂੰ ਕਹਿਣ ਭੱਈਏ ''ਆਸਰਾ ਜਨਾਬ ਦਾ''

ਫਾਰਮਾਂ ਦੇ ਵਿਚ ਜਾਕੇ, ਧੱਕੇ ਧੌਲੇ ਖਾਈਦੇ ਨੇ,
ਰੋਜ਼ ਰੋਜ਼ ਜਾਕੇ ਅਸੀਂ ਪੱਤਿਆਂ ਨੂੰ ਫੋਲਦੇ
ਲਗਦੀ ਡਾਕ ਕਹਿੰਦੇ ਤੋੜਿਓ ਕਲੀਨ ਬੇਰੀ,
ਮਿੱਠੀ ਜਿਹੀ ਜ਼ੁਬਾਨ ਨਾਲ ਮਾਲਕਾਂ ਨੇ ਦੱਸਿਆ
ਪੰਦਰਾਂ ਦਿਨਾਂ 'ਚ ਕੁਲ ਸੱਠ ਮੈਂ ਫਲੈਟ ਤੋੜੇ,
ਪੈਸਿਆਂ ਦੀ ਵਾਰੀ ਮੈਨੂੰ ਲਾਰਿਆਂ 'ਚ ਰੱਖਿਆ

ਵਾਰ ਵਾਰ ਵਿਚ ਮਾਰਦੇ ਧਿਆਨ ਆਕੇ,
ਪੱਤਿਆਂ ਨੂੰ ਫੋਲ ਫੋਲ ਦਾਣਿਆਂ ਨੂੰ ਦੇਖਦੇ

ਤੋੜਿਓ ਧਿਆਨ ਨਾਲ ਆਖਦੇ ਨੇ ਸਾਰਿਆਂ ਨੂੰ
ਵਾਰ ਵਾਰ ਸਾਨੂੰ ਆਕੇ ਬੋਲਣੇ ਦੀ ਲੋੜ ਨਹੀਂ
ਘੱਟ ਜੇ ਫਲੈਟ ਹੋਵੇ ਕੰਡੇ ਉੱਤੇ ਰੱਖ ਲੈਦੇ,
ਵਧ ਜਾਵੇ ਕਿੰਨਾ ਹੋਵੇ ਤੋਲਣੇ ਦੀ ਲੋੜ ਨਹੀਂ

ਠੇਕੇਦਾਰ ਭਾਈ ਜਿਹੜੇ, ਦੱਸਦੇ ਨੇ ਰੇਟ ਪਹਿਲਾਂ
ਲਾਰਿਆਂ 'ਚ ਕੁਲ ਲੰਘ ਜਾਂਦੀਆਂ ਨੇ ਮੌਸਮਾਂ
ਪੇਟ ਦੀ ਹੈ ਪਾਲਣਾ ਜਾਂ ਡਾਲਿਆਂ ਦੀ ਲੋੜ ਪਿੱਛੇ,
ਦਿਨੇ ਰਾਤ ਡੇਰਾ ਜਾਕੇ ਕੈਬਨਾਂ 'ਚ ਲਾਈ ਦਾ
ਮਰਜ਼ੀ ਦਾ ਰੇਟ ਦੇਣ ਕਾਮਿਆਂ ਨਾਲ ਧੱਕੇਸ਼ਾਹੀ,
ਛੁਰੀ ਹੇਠ ਪਲੇ ਰੋਜ਼ ਬੱਕਰਾ ਕਸਾਈ ਦਾ।

ਕਰਾਂ ਮੈਂ ਅਰਜ ਠੇਕੇਦਾਰ ਮੇਰੇ ਵੀਰਾਂ ਤਾਈਂ,
ਬੇਰੀਆਂ ਦੇ ਰੇਟ ਪਹਿਲਾਂ ਦੱਸਣਾ ਫਰਜ ਐ
ਬਾਰਵੇਂ ਮਹੀਨੇ ਵਿਚ ਕਾਮਿਆਂ ਦੇ ਨਾਲ ਥੋਡੇ,
ਸਰਦੀ ਦੇ ਵਿਚ ਜਾਕੇ ਤੋੜੇ ਸੀ
ਮਾਇਆ ਪਿੱਛੇ ਲੱਗ ਕੇ ਕਾਮਿਆਂ ਦਾ ਗਲ ਘੁੱਟੋ,
ਕਾਰੂੰ ਬਾਦਸ਼ਾਹ ਨੇ ਵੀਰੋ ਕਈ ਗੰਜ ਤੋੜੇ ਸੀ।

ਆਖਰੀ ਦਮਾਂ ਤੇ ਪਛਤਾਉਣਾ ਪੈਂਦਾ ਸੱਜਣਾ ਓਏ,
ਵਾਰ ਵਾਰ ਚੇਤੇ ਆਉਂਦੇ ਪਾਪ ਜੋ ਕਮਾਏ ਸੀ
ਮਾਇਆ ਰਹਿ ਗਈ ਏਥੇ ਜਦੋਂ, ਮੋਤ ਨੇ ਬੁਲਾਇਆ ਸੀ
ਕਾਰੂੰ ਬਾਦਸ਼ਾਹ ਦੇ ਹੱਥ ਖਾਲੀ ਦਿਖਲਾਏ ਸੀ।
ਅੱਗੇ ਪਿੱਛੇ ਰੌਂਦੇ ਜਾਣ, ਕੋੜਵੇਂ ਕਬੀਲੇ ਸਾਰੇ,
ਟੁੱਟ ਗਏ ਨੇ ਜਾਲ ਜਿਹੜੇ ਮਾਇਆ ਦੇ ਵਿਛਾਏ ਸੀ।
ਆਖਦੇ ਸਿਆਣੇ ਇਨਸਾਫ਼ ਸਦਾ ਚੰਗਾ ਹੁੰਦਾ,

ਹੇਰਾਫੇਰੀ ਵਾਲੀ ਬੇੜੀ ਲੱਗਣੀ ਨਹੀਂ ਪਾਰ ਓਏ
ਫਾਰਮਾਂ 'ਚ ਰੋਜ਼ ਭਾਈ ਦਾਣਾ ਦਾਣਾ ਤੋੜਦੇ ਨੇ,
ਬੱਚਿਆਂ ਸਮੇਤ ਰੋਜ਼ ਜਾਂਦੀਆਂ ਨੇ ਔਰਤਾਂ
ਕਹੇ ''ਗਰੇਵਾਲ'' ਜ਼ਰਾ ਮਾਰ ਤੂੰ ਧਿਆਨ ਪਿੱਛੇ,
ਸੁਣੇ ਪਰਿਵਾਰ ਛੱਡ ਜਾਣੀਆਂ ਨੇ ਦੌਲਤਾਂ।

ਬਾਬੇ ਜਾਂਦੇ ਫੁਟ ਪਾਥ ਤੇ

ਬੱਸਾਂ ਨੇ ਪਾ ਲਿਆ ਝੇੜਾ, ਹੁੰਦਾ ਨਾ ਦਿਸੇ ਨਿਬੇੜਾ
ਘਰ ਘਰ ਨੇ ਲੋਕੀ ਕਹਿੰਦੇ, ਸੈਕਲ ਵੀ ਹੋ ਗਏ ਮਹਿੰਗੇ
ਬੱਸਾਂ ਬਿਨ ਕਾਹਦੇ ਜੋਗੇ, ਬੁੜਿਆਂ ਦੇ ਦੁਖਦੇ ਗੋਡੇ
ਜਨਤਾ ਤੇ ਬਣ ਗਈ ਭਾਰੀ, ਦੁਖੀ ਏ ਜੰਤਾ ਸਾਰੀ

ਗੱਲ ਜਾਪੇ ਮੈਨੂੰ ਬੱਸਾਂ ਦੀ ਖ਼ਰਾਬੀ
ਬਈ ਬਾਬੇ ਜਾਂਦੇ ਫੁੱਟ ਪਾਥ ਤੇ,
ਜਿੱਦਾਂ ਮੇਲਿਆਂ ਤੇ ਜਾਣ ਸ਼ਰਾਬੀ.....

ਹੜਤਾਲਾਂ ਨੇ ਕਰੀਆਂ ਦੇਰੀਆਂ, ਭੈਣਾਂ ਜੋ ਬਿਰਧ ਮੇਰੀਆਂ
ਬੱਸਾਂ ਨੂੰ ਨਿੱਤ ਉਡੀਕਣ, ਲਾਈਆਂ ਕਿਉਂ ਇਨ੍ਹਾਂ ਦੇਰੀਆਂ?
ਜੰਤਾ ਸਭ ਕੱਢਦੀ ਗਾਹਲਾਂ, ਖੱਟਿਆ ਕੀ ਕਰ ਹੜਤਾਲਾਂ?
ਗੱਲ ਮੁੱਕਦੀ ਨਾ ਦਿਸੇ ਇਹ ਸ਼ਤਾਬੀ
ਬਈ ਬਾਬੇ ਜਾਂਦੇ.....

ਲਾਲਚ ਨੇ ਮਾਰੇ ਸਾਰੇ, ਨਰਸਾਂ ਤੇ ਡਰੈਵਰ ਪਿਆਰੇ
ਬੱਸਾਂ ਦੇ ਡੁੱਬਣ ਮਾਪੇ, ਭੈਣਾਂ ਨਿੱਤ ਕਰਨ ਸਿਆਪੇ।
ਝਗੜਾ ਇਨ੍ਹਾਂ ਉੱਲਟਾ ਪਾਇਆ, ਜੰਤਾ ਦਾ ਖੂਨ ਸੁਕਾਇਆ
ਆਗੂ ਇਹ ਮਰੇ ਨਿਮਾਣਾ, ਕੱਢਿਆ ਕੋਈ ਵੈਰ ਪੁਰਾਣਾ
ਪਾਉਂਦੇ ਦਿਨੇ ਰਾਤ ਪੁੱਠੀ ਏਹੋ ਚਾਬੀ
ਬਈ ਬਾਬੇ ਜਾਂਦੇ.....

ਮੈਂ ਛੰਦ ਜੋੜੇ ਸ਼ਹਿਰੀ, ਬਣੇ ਜੰਤਾਂ ਦੇ ਵੈਰੀ
ਹੇਠਾਂ ਲੋਕਾਂ ਦੀ ਕਚਹਿਰੀ, ਅੱਖ ਦੋਹੀਂ ਪਾਸੀਂ ਗਹਿਰੀ
ਦੁੱਖੀ ਕੀਤੇ ਇਨ੍ਹਾਂ ਗੌਰੇ ਤੇ ਪੰਜਾਬੀ
ਬਈ ਬਾਬੇ ਜਾਂਦੇ.....

ਦੱਸਾਂ ਕੁਝ ਵਿਜ਼ਟਰ ਵੀਰਾਂ ਨਾਲ.....

ਦਸਾਂ ਕੁਝ ਵਿਜ਼ਟਰ ਵੀਰਾਂ ਨਾਲ਼, ਵੀਰਾਂ ਨੇ ਜਿੱਦਾਂ ਕੀਤੀ ਸੀ
ਕੁਝ ਠੱਗੇ ਵਿਚ ਜਲੰਧਰ ਦੇ, ਕੁੱਝ ਲੁਦੇਹਾਣੇ ਬੀਤੀ ਸੀ
ਵੜਦੇ ਜਦ ਅੰਦਰ ਦਫਤਰ ਦੇ, ਮੁਲਕਾਂ ਦੇ ਨਕਸ਼ੇ ਤੱਕੇ ਸੀ
ਕਈਆਂ ਕੋਲ ਪੈਸੇ ਕੈਸ਼ ਬੜੇ, ਕਈਆਂ ਨੇ ਕਰਜ਼ੇ ਚੱਕੇ ਸੀ
ਜਦ ਕਰਦੇ ਗੱਲ ਦਲਾਲਾਂ ਨਾਲ, ਦੱਸੋ ਕੁਝ ਹਾਲ ਕਨੇਡਾ ਦਾ
ਠੱਗ ਅੱਗੋਂ ਹਸ ਹਸ ਕਹਿੰਦੇ ਨੇ ''ਇਹ ਹਾਲ ਖੁਸ਼ਹਾਲ ਕਨੇਡਾ ਦਾ''....

ਚੜ੍ਹਨੇ ਨੂੰ ਕਾਰਾਂ ਕਾਕਾ ਜੀ, ਟੈਲੀਫੋਨ ਸਰਹਾਣੇ ਰਹਿੰਦੇ ਨੇ
ਛਾਲ ਮਾਰਕੇ ਕੰਮ ਤੇ ਜਾਣ ਵਾਲੇ, ਨਿੱਤ ਕਾਰਾਂ ਦੇ ਵਿਚ ਬਹਿੰਦੇ ਨੇ....
ਤੁਰਦਾ ਵਿਜ਼ਟਰ ਵੀਰਨੋਂ, ਮਨ ਵਿਚ ਕਰੇ ਵਿਚਾਰ
ਮੰਨਦਾ ਨਹੀਂ ਗੱਲ ਕਿਸੇ ਦੀ, ਗਹਿਣੇ ਪਾਉਂਦਾ ਸਿਆੜ
ਪਾਸ ਦਲਾਲਾਂ ਪਹੁੰਚਕੇ, ਕਰਦਾ ਬਚਨ ਬਿਲਾਸ
ਵਿਚ ਕਨੇਡਾ ਜਾਣ ਦੀ, ਕਰਕੇ ਆਇਆ ਆਸ।

ਕੁਰਸੀ ਤੇ ਬੈਠ ਦਲਾਲ, ਗੱਲਾਂ ਨਾਲ ਕਰਨ ਕਮਾਲ
ਗੱਲ ਸੁਣ ਕੁਝ ਸਮਝ ਵਿਚਾਰ, ਰੁਪਈਆਂ ਕੁੱਲ ਵੀਹ ਹਜ਼ਾਰ
ਐਵੇਂ ਕਾਹਤੋਂ ਦੇਰ ਲਗਾਈ,
ਬਈ ਵਿਜ਼ਟਰ ਵੀਰਾਂ ਦੀ,
ਕੀਤੀ ਜੇਬਾਂ ਦੀ ਖੂਬ ਸਫ਼ਾਈ....

ਭੈਣਾਂ ਨੂੰ ਕਹਿਣ ਜਾਂ ਭਾਈ, ਸੱਚੀ ਮੈਂ ਗੱਲ ਸੁਣਾਈ
ਝੱਲੋ ਕੁਝ ਹਰਬਾ ਜਰਬਾ, ਲੈ ਲਵੋ ਕੁਝ ਬੈਂਕ ਤੋਂ ਕਰਜ਼ਾ
ਏਨਾਂ ਕੁਝ ਸੋਚ ਦੌੜਾਈ,
ਬਈ ਵਿਜ਼ਟਰ ਵੀਰਾਂ ਦੀ.....
ਮਾਰਦੇ ਹੰਬਲਾ ਸੂਰੇ, ਪੈਸੇ ਹਨ ਕੀਤੇ ਪੂਰੇ
ਟੇਕਤਾ ਜਾਕੇ ਮੱਥਾ, ''ਗਿਣਲਓ ਰਕਮ ਪੂਰੀ ਭਾਈ''
ਬਈ ਵਿਜ਼ਟਰ ਵੀਰਾਂ ਦੀ....

ਠੱਗਾਂ ਨੇ ਕਰਿਆ ਤਮਾਸ਼ਾ, ਚੜਗਿਓ ਕਰ ਅਰਦਾਸਾ
ਦੇਗਾਂ ਦੀ ਕੀਤੀ ਰੀਤੀ, ਅੱਗੇ ਫਿਰ ਦੱਸਾਂ ਬੀਤੀ
ਦਿਲਾਂ ਦੇ ਵਿਚ ਮੰਗ ਕਰਦੇ, ਹੋ ਜਾ ਦਾਤਿਆ ਤੂੰ ਸਾਡਾ ਤੇ ਸਹਾਈ
ਬਈ ਵਿਜ਼ਟਰ ਵੀਰਾਂ ਦੀ....

ਆ ਗਏ ਜਦ ਵਿਚ ਕਨੇਡਾ, ਜਾਲ ਸੀ ਲਾਇਆ ਟੇਡਾ,
ਕਰਦੇ ਸੀ ਵੀਰ ਅਪੀਲਾਂ, ਠੱਗੇ ਓਏ ਬੁਰੇ ਵਕੀਲਾਂ
ਪੈਂਦੀ ਦੇਖੀ ਮੈਂ ਹਾਲ ਦੁਹਾਈ....ਬਈ ਵਿਜ਼ੀਟਰ ਵੀਰਾਂ....
ਮਿੱਤਰਾਂ ਨੂੰ ਫੂਨ ਮਾਰਦੇ, ਆ ਕੇ ਕੁਝ ਕੰਮ ਸਾਰ ਦੇ
ਡੁੱਬੀ ਜਾਂਦੀ ਬੇੜੀ ਤਾਰਦੇ, ਕੁੰਡੀ ਮੱਛੀ ਵਾਲੀ ਸੰਘ 'ਚ ਫਸਾਈ
ਬਈ ਵਿਜ਼ੀਟਰ ਵੀਰ.....

ਕਈਆਂ ਦੇ ਠੀਕ ਵਸੀਲੇ ਪੱਕੇ ਵੀ ਏਥੇ ਕੀਲੇ
ਕਈਆਂ ਘਰ ਬਾਰ ਵੀ ਰੋੜੇ ਪਿੰਡਾਂ ਨੂੰ ਗਏ ਉਹ ਮੋੜੇ
ਸਾਰੇ ਮਿੱਤਰਾਂ 'ਚ ਮਚ ਗੀ ਦੁਹਾਈ ਬਈ ਵਿਜ਼ੀਟਰ ਵੀਰਾਂ ਦੀ....
ਕੰਮ ਸੀ ਕੀਤੇ ਭੈੜੇ, ਅਫ਼ਸਰ ਸੀ ਪੈ ਗਏ ਖਹਿੜੇ
ਪਿੰਡੀ ''ਜੋ ਮੁੜੇ ਸੀ ਵਿਜ਼ੀਟਰ, ਦੁਸ਼ਮਣ ਤਾਂ ਕਹਿੰਦੇ'' ਮਿਸਟਰ
ਕਿੱਥੇ ਐ ਕਨੇਡਾ ਦੀ ਕਮਾਈ? ''ਬਈ ਵਿਜ਼ੀਟਰ ਵੀਰਾ'' ਦੀ.....

‘‘ਕੀਤੀ ਨਾ ਨੇਕ ਕਮਾਈ’’, ਕੰਨਾਂ ਵਿਚ ਕਹਿੰਦੇ ਭਾਈ
ਜੇਬਾਂ ਦੀ ਕਰਾਂ ਸਫ਼ਾਈ, ਬੱਕਰੇ ਨੂੰ ਖਿੱਚੇ ਜਿਉਂ ਕਸਾਈ
ਬਈ ਵਿਜ਼ੀਟਰ ਵੀਰਾਂ ਦੀ.....

ਸਤਿਗੁਰ ਦੇ ਜਾਂ ਬਲਿਹਾਰੇ, ਰਹਿਣਗੇ ਵਿਜ਼ੀਟਰ ਸਾਰੇ
‘‘ਲਾਅ’’ ਫਿਰ ਬਣਿਆ ਪੱਕਾ, ਪੈਂਦਾ ਧੱਕੇ ਤੇ ਧੱਕਾ
ਜਾਵਾਂ ਦਾਤਿਆ ਤੇਰੇ ਤੋਂ ਬਲਿਹਾਰੇ
ਬਈ ਚਿੱਟੇ ਮੇਰੇ ਬਾਜ਼ਾਂ ਵਾਲਿਆ
ਦੇਖੇ ਤੇਰੇ ਮੈਂ ਚੋਜ ਨਿਆਰੇ
ਬਈ ਮੇਰੇ ਬਾਜ਼ਾਂ ਵਾਲਿਆ।.....

ਆਵੇ ਅੰਤ ਨਾ ਤੇਰੀਆਂ ਕੁਦਰਤਾਂ ਦਾ

ਆਵੇ ਅੰਤ ਨਾ ਤੇਰੀਆਂ ਕੁਦਰਤਾਂ ਦਾ,
ਤਰ੍ਹਾਂ ਤਰ੍ਹਾਂ ਦਾ ਵਸੇ ਸੰਸਾਰ ਏਥੇ
ਵਿਚ ਪਾਠਕਾਂ ਦੇ ਗਹਿਮਾ ਗਹਿਮ ਦੇਖੀ,
ਮਸਤੀ ਦੇਖੀ ਐ ਬੇਸ਼ੁਮਾਰ ਏਥੇ

ਨੇਤਰ ਮ੍ਰਿਗਾਂ ਦੇ ਬਖਸ਼ੇ ਪ੍ਰਮਾਤਮਾ ਨੇ,
ਮੋਤੀ ਹੰਸਾਂ ਨੂੰ ਬੇਸ਼ੁਮਾਰ ਏਥੇ
ਤੋਰ ਹਰਨੀਆਂ ਦੀ, ਨਖ਼ਰਾ ਪਦਮਣੀ ਦਾ,
ਹੁਸਨ ਪਰੀਆਂ ਦਾ ਬੇਸ਼ੁਮਾਰ ਏਥੇ

ਨਿਰਾ ਹੁਸਨ ਜਾਂ ਐਸ਼ ਪ੍ਰਸਤ ਤੇ ਨਹੀਂ,
ਬੈਂਕਾਂ ਵਿਚ ਕਿੱਡੀ ਜ਼ਿੰਮੇਵਾਰ ਹੁੰਦੀ
ਮਰਦ ਬੈਂਕਾਂ ਵਿਚ ਸੱਜਣੋ ਘੱਟ ਹੁੰਦੇ,
ਗਿਣਤੀ ਕੁੜੀਆਂ ਦੀ ਬੇਸ਼ੁਮਾਰ ਹੁੰਦੀ

ਗੱਲਾਂ ਵਿਚ ਜੰਜ਼ੀਰੀਆਂ ਸੋਂਹਦੀਆਂ ਨੇ,
ਚਮਕੇ ਦੂਰੋਂ ਮੁਟਿਆਰ ਦੇ ਪਾਈ ਮੁੰਦੀ
ਲਾਈਨ ਪਰੀਆਂ ਦੀ ਫੱਬਦੀ ਕੌਂਟਰਾਂ ਤੇ,
ਜਗ੍ਹਾ ਜਗ੍ਹਾ ਤੇ ਖੜੀ ਮੁਟਿਆਰ ਹੁੰਦੀ।

ਕਰਦੇ ਹਾਣੀਆਂ ਨਾਲ ਗੱਲਾਂ ਸੁਣੇ ਬਾਬੇ
ਕਹਿੰਦੇ ਲੱਗਦੀਆਂ ਬਹੁਤ ਪਿਆਰੀਆਂ ਨੇ
ਮਿੱਠਾ ਬੋਲਣਾ ਹੱਸਕੇ ਗੱਲ ਕਰਨੀ,
ਸਿਫਤਾਂ ਰੱਬ ਨੇ ਬਖਸ਼ੀਆਂ ਸਾਰੀਆਂ ਨੇ

ਇਕ ਦੂਸਰੇ ਨੂੰ ਆਖਰ ਕਹਿਣ ਲੱਗੇ,
ਬੈਠੇ ਖਾਹਮਖਾਹ ਚਿਰਾਂ ਤੋਂ ਸੀਟ ਮਲਕੇ
ਪੈਣਾ ਪੱਲੇ ਨਹੀਂ ਕੱਖ ਸ਼ਰੈਣ ਸਿੰਘਾ,
ਚਲ ਚਲੀਏ ਖੇਡੀਏ ਤਾਸ਼ ਰਲਕੇ।

ਧੀਰੇ ਧੀਰੇ ਆ ਪਹੁੰਚੇ ਕਲੱਬ ਅੰਦਰ
ਕੀਲੇ ਛੱਤਰੀਆਂ ਕੋਟ ਲਟਕਾਈ ਜਾਂਦੇ
ਕੋਈ ਟੇਪ ਸੁਣਦਾ, ਕੋਈ ਪੜ੍ਹੇ ਪੇਪਰ
ਏਦਾਂ ਪਿਆਰ ਨਾਲ ਵਕਤ ਟਪਾਈ ਜਾਂਦੇ
ਇਕ ਦੂਸਰੇ ਦੀ ਗੱਲ ਘੱਟ ਸੁਣਦੇ,
ਆਪੋ ਆਪਣਾ ਘੋੜਾ ਭਜਾਈ ਜਾਂਦੇ

ਦੇਖੋ ਇਨ੍ਹਾਂ ਸਰਕਾਰਾਂ ਦੀ ਸਿਫ਼ਤ ਕਿੱਡੀ
ਹਰ ਕੌਮ ਨਾਲ ਕਿੰਨਾ ਪਿਆਰ ਕਰਦੇ
ਮੇਜ਼ ਕੁਰਸੀਆਂ ਹੋਰ ਤਮਾਮ ਖਰਚੇ,
ਦਿੱਤੇ ਬਿਰਧਾਂ ਨੂੰ ਸਭ ਸਤਿਕਾਰ ਕਰਦੇ
ਛੱਡ ਦੇਸ਼ ਪਰਦੇਸ਼ ਦੇ ਵਿਚ ਆਏ,
ਰੌਲਾ ਖਾਹਮਖਾਹ ਕਿਸੇ ਨਾਲ ਪਾਈਦਾ ਨਹੀਂ,

ਜੇਕਰ ਹੱਥੋਂ ਨਹੀਂ ਦਾਨ ਕੁਝ ਕਰਨ ਜੋਗੇ,
ਚਲਦੇ ਕੰਮ ਵਿਚ ਰੋੜਾ ਅਟਕਾਈਦਾ ਨਹੀਂ।

ਮੇਹਣਾ ਮਰਦਾਂ ਨੂੰ, ਡੁੱਬਣਾਂ ਮੱਛੀਆਂ ਨੂੰ
ਝੂਠੀ ਗੱਲ ਨਹੀਂ ਵੀਰੋ ਅਖਵਾਈ ਜਾਂਦੀ
''ਗਰੇਵਾਲ'' ਅਨਜਾਣ ਦੀ ਅਰਜ਼ ਏਹੀ,
ਬਿਨਾਂ ਮੈਂਬਰੋਂ ਵੋਟ ਨਹੀਂ ਪਾਈ ਜਾਂਦੀ।

ਗੀਤ ਅਮਨ ਦੇ ਗਾ ਬੰਦਿਆ!

ਬੰਦੇ ਦਿਨ ਚਾਰ ਪਰੌਣਾਂ ਓਏ, ਨਹੀਂ ਸੁੱਤੇ ਨੂੰ ਕਿਸੇ ਜਗੌਣਾ ਓਏ
ਸਿਰ ਕਾਲ ਤੇ ਢੋਲ ਵਜੌਣਾ ਓਏ, ਤੇਰਾ ਮੁਕਜੂ ਔਣਾ ਜਾਣਾ ਓਏ
ਅਜੇ ਵੀ ਮਨ ਸਮਝਾ ਕਵੀਆ, ਤੂੰ ਗੀਤ ਅਮਨ ਦੇ ਗਾ ਕਵੀਆ

ਨਾ ਕਰ ਐਵੇਂ ਮੇਰੀ ਮੇਰੀ, ਇਹ ਜਿੰਦ ਅਮੋਲਕ ਤੇਰੀ
ਪੰਛੀ ਉਡਦਾ ਹੋਜੂ ਢੇਰੀ, ਐਵੇਂ ਨਾ ਫਾਹੀਆਂ ਪਾ ਕਵੀਆ
ਤੂੰ ਗੀਤ ਅਮਨ ਦੇ ਗਾ ਕਵੀਆ.....

ਜਨਮ ਅਮੋਲਕ ਫੇਰ ਨਹੀਂ, ਥਿਔਣਾ, ਇਕ ਦਿਨ ਮੁੱਜ ਜੂ ਔਣਾ ਜਾਣਾ,
ਫੇਰ ਕਹਿਣ ਸਭ ਰੱਬ ਦਾ ਭਾਣਾ, ਗੁਰਚਰਨੀ ਚਿੱਤ ਲਾ ਬੰਦਿਆ
ਤੂੰ ਗੀਤ ਅਮਨ ਦੇ ਗਾ ਬੰਦਿਆ.....

ਨਹੀਂ ਸੁਣਨੀ ਦਰਗਾਹ ਵਿਚ ਤੇਰੀ, ਨਹੀਂ ਚੱਲਣੀ ਕੋਈ ਹੇਰਾ ਫੇਰੀ
ਇਹ ਅਮੋਲਕ ਜਿੰਦੜੀ ਤੇਰੀ, ਵਿਰਥੀ ਨਾ ਲਈਂ ਗਵਾ ਬੰਦਿਆ
ਤੂੰ ਗੀਤ ਅਮਨ ਦੇ ਗਾ ਬੰਦਿਆ.....

ਵਿਚ ਜੇਲ੍ਹਾਂ ਦੇ ਹੁਸਨ ਦੀਆਂ ਪਰੀਆਂ,
ਬਿਨਾਂ ਕਸੂਰੋਂ ਅੰਦਰ ਕਰੀਆਂ
ਜਿਧਰ ਦੇਖੋ ਜੇਲ੍ਹਾਂ ਭਰੀਆਂ
ਤੂੰ ਗੀਤ ਅਮਨ ਦੇ ਗਾ ਬੰਦਿਆ.....

ਹਿੰਦੂ ਮੁਸਲਮ ਸਿੱਖ ਇਸਾਈ, ਰਲ ਮਿਲ ਬਹੀਏ ਭਾਈ ਭਾਈ
ਨਾ ਡਾਕਾ, ਨਾ ਧੱਕੇਸ਼ਾਹੀ, ਦੇਈਏ ਦਿਲੋਂ ਮੁਕਾ ਕਵੀਆ
ਤੂੰ ਗੀਤ ਅਮਨ ਦੇ ਗਾ ਕਵੀਆਂ.....

ਇਹ ਸੰਸਾਰ ਦੀ ਝੂਠੀ ਯਾਰੀ, ਝੂਠੇ ਫਿਰਦੇ ਬਹੁਤ ਵਿਪਾਰੀ
ਨੇਕੇ ਛੱਡਕੇ ਬਦੀ ਗੁਜ਼ਾਰੀ, ਪੱਲਿਓਂ ਖੋਲ੍ਹ ਦਿਖਾ ਬੰਦਿਆ
ਤੂੰ ਗੀਤ ਅਮਨ ਦੇ ਗਾ ਬੰਦਿਆ.....

ਸਭ ਮੇਲੇ ਈਦ ਨਿਮਾਜ਼ਾਂ ਦੇ, ਖੰਭ ਟੁੱਟਣੇ ਇਕ ਦਿਨ ਬਾਜ਼ਾਂ ਦੇ
ਮੋਟਰ ਤੇ ਕਾਰਾਂ ਸੈਕਲ ਜੋ, ਛਡ ਜਾਣੇ ਵਿਚ ਗਰਾਜਾਂ ਦੇ
ਨਾ ਬਹੁਤੀਆਂ ਸਾਂਝਾਂ ਪਾ ਬੰਦਿਆ...
ਤੂੰ ਗੀਤ ਅਮਨ ਦੇ ਗਾ ਬੰਦਿਆ.....

ਇਹ ਦੁਨੀਆ ਐਸੀ ਫ਼ਾਨੀ ਏਂ ਨਾ ਕੋਈ ਖਾਸ ਦਿਲਾਂ ਦਾ ਜਾਨੀਂ ਏਂ
ਸਭ ਸੁੱਖ ਦੇ ਤੇਰੇ ਬੇਲੀ ਐ, ਪਏ ਬਿਪਤਾ ਤਾਂ ਜਾਨ ਅਕੇਲੀ ਐ
ਬਹੁਤਾ ਨਾ ਜਾਲ ਵਿਛਾਇਆ ਕਰ
ਤੂੰ ਗੀਤ ਅਮਨ ਦੇ ਗਾਇਆ ਕਰ...
''ਗਰੇਵਾਲ'' ਦੁਨੀਆ ਹਾਸਾ ਹੈ ਜਿਉਂ ਪਾਣੀ ਵਿਚ ਪਤਾਸਾ ਹੈ
ਐਵੇਂ ਨਾ ਪੈਰ ਜਮਾਇਆ ਕਰ....ਤੂੰ ਗੀਤ.....

ਕਰ ਲੈ ਰਾਮ ਨਾਮ ਦੀਆਂ ਖੱਟੀਆਂ

ਸਾਹ ਘਟਣ ਹਜ਼ਾਰ ਚਵੀ, ਕਰ ਲੈ ਰਾਮ ਨਾਮ ਦੀਆਂ ਖੱਟੀਆਂ
ਬਿਨ ਰੂਹ ਬਣਜਾਰੇ ਤੋਂ, ਸੁੰਨੀਆਂ ਰਹਿਣਗੀਆਂ ਹੱਟੀਆਂ
ਸਰਹੋਂ ਦੇ ਫੁੱਲਾਂ ਨੂੰ, ਲਗਜੂ ਮੌਤ ਮੌਸਮੀ ਤੇਲਾ
ਇਹ ਰੌਣਕ ਦੋ ਦਿਨ ਦੀ, ਜਾਣਾ ਵਿਛੜ ਭਰਾਵੋ ਮੇਲਾ....

ਵਾਰੀ ਸਿਰ ਤੁਰ ਜਾਣਾ, ਮਿੱਠਾ ਮੰਨਕੇ ਗੁਰੂ ਦਾ ਭਾਣਾ
ਸਭ ਸੰਤ ਫ਼ਕੀਰ ਤੁਰੇ, ਨਾ ਕੋਈ ਛੱਡਿਆ ਰਾਜਾ ਰਾਣਾ
ਖ਼ਾਲੀ ਹੱਥ ਤੁਰਜੇਂਗਾ, ਤੇਰੇ ਨਾਲ ਜਾਣਾ ਨਹੀਂ ਧੇਲਾ...

ਕਰ ਨੇਕ ਕਮਾਈਆਂ ਤੂੰ, ਬੰਦਿਆ! ਨਾ ਕਰ ਘਾਲੇ ਮਾਲੇ
ਛਪਰੀ ਵਿਚ ਮੌਜਾਂ ਨੇ, ਲੱਦੀ ਜਾਣ ਸਵਾਤਾਂ ਵਾਲੇ
ਉੱਡ ਜਾਣਾ ਪੰਛੀ ਨੇ, ਪਿੰਜਰ ਲਟਕੂ ਇਕ ਦਿਨ ਵੇਲਾ...

ਕਿਉਂ ਗਾਫ਼ਲ ਹੋ ਗਿਆ ਤੂੰ, ਬੰਦਿਆ! ਖੋਲ੍ਹ ਅੱਖਾਂ ਤੋਂ ਪੱਟੀਆਂ
ਆਕੇ ਵਿਚ ਦੁਨੀਆ ਦੇ, ਵੀਰਨਾ ਕੀ ਖੱਟਿਆ, ਕੀ ਖੱਟਿਆ?
ਜਿੰਦ ਤੜਫ਼ ਆਖਰ ਨੂੰ, ਜਿੱਦਾਂ ਪਾਣੀ ਵਿਚ ਕਰੇਲਾ.....

ਮੈਟ ਵਿਚ ਡੁੱਬ ਜਾਣੀ, ਸੂਰਤ ਸੋਹਣੀ ਤੇ ਮਨਮੋਹਣੀ
ਚਿਰ ਬਹੁਤਾ ਲੱਗਣਾ ਨਹੀਂ ਇਕ ਦਿਨ ਚਕਲੋ ਚਕਲੋ ਹੋਣੀ
ਛੱਡ ਸਾਥੀ ਸੰਗੀਆਂ ਨੂੰ, ਸੱਜਣਾ ਤੁਰਜੂ ਭੌਰ ਅਕੇਲਾ....

ਇਹ ਉਡਦੇ ਪੰਛੀ ਨੂੰ, ਪੈਜੂ ਬਾਜ ਅਚਾਨਕ ਆਕੇ
ਜੀਭਾ ਰਸ ਭੁੱਲਜੂਗੀ, ਇਕ ਦਿਨ ਲੈਜੂ ਕਾਲ ਵਿਆਹ ਕੇ
ਨਾ ਵੈਦ ਹਕੀਮ ਰਹੇ, ਕਿਸੇ ਦੇ ਨਾਲ ਗਿਆ ਨੀਂ ਧੇਲਾ....

ਬਦੀਆਂ ਤੇ ਨੇਕੀਆਂ ਦਾ, ਕਰਨਾ ਲੇਖਾ ਇਕ ਦਿਨ ਪੈਜੂ
ਕੱਢ ਵਹੀ ਕਿਤਾਬਾਂ ਨੂੰ, ਸੱਜਣਾ ਧਰਮ ਰਾਜ ਫੇਰ ਬਹਜੂ
''ਗਰੇਵਾਲ'' ਦੁਨੀਆ ਇਹ, ਸਭ ਹੈ ਖੱਡੀ ਦਾ ਤਾਣਾ
ਇਹ ਉੱਡਦੇ ਪੰਛੀ ਨੂੰ, ਇਕ ਦਿਨ ਕਾਲ ਬਾਜ਼ ਨੇ ਖਾਣਾ
ਉੱਡ ਜਾਣਾ ਪੰਛੀ ਨੇ, ਪਿੰਜਰਾ ਲਟਕੂ ਇਕ ਦਿਨ ਖਾਲੀ...
ਇਹ ਰੌਣਕ ਦੋ ਦਿਨ ਦੀ, ਜਾਣਾ ਵਿੱਛੜ ਭਰਾਵੋ ਮੇਲਾ....

ਚੇਤੂ ਚੱਲਿਆ ਦੇਸ਼ ਨੂੰ

ਚੇਤੂ ਚੱਲਿਆ ਦੇਸ਼ ਨੂੰ ਸੀ ਵਿਆਹ ਕਰਵਾਉਣਾ
ਕਰਜ਼ਾ ਚੁੱਕਿਆ ਬੈਂਕ ਤੋਂ, ਕੁਝ ਟੌਹਰ ਜਮਾਉਣਾ
ਬੂਟ ਸੂਟ ਕਈ ਲੈ ਲਏ, ਸਿੱਖਿਆ ਟਾਈ ਲਾਉਣਾ
ਚੇਤੂ ਚੱਲਿਆ ਦੇਸ਼ ਨੂੰ, ਸੀ ਵਿਆਹ ਕਰਵਾਉਣਾ.....

ਟਿਕਟ ਕਿਸ਼ਤ ਤੇ ਲੈ ਲਿਆ, ਏਥੇ ਆਮ ਰਵੱਯਾ
ਦਾਜ ਦਹੇਜ ਵੀ ਮਿਲੂਗਾ, ਨਾਲੇ ਕੈਸ਼ ਰੁਪੱਈਆ
ਕਾਰ ਪੁਰਾਣੀ ਵੇਚਤੀ, ਕਹਿੰਦਾ ਜੱਬ ਮੁਕਾਉਣਾ....ਚੇਤੂ...

ਘਰ ਘਾਟ ਮੇਰਾ ਹੈ ਨਹੀਂ, ਕਿਥੋਂ ਕਰਨ ਵਸੂਲੀ
ਜਾਮਨ ਕਿਸ਼ਤਾਂ ਤਾਰ ਦੂ, ਇਹ ਗੱਲ ਮਮੂਲੀ
ਧੋਖੇਬਾਜ਼ੀ ਫਰੇਬ ਦਾ ਹੈ, ਚੱਕਰ ਚਲਾਉਣਾ....ਚੇਤੂ...

ਜਾ ਪੁੱਜ ਵਿਚ ਪੰਜਾਬ ਦੇ, ਸੀ ਬਹੁਤ ਬਣਾਈ
ਓਹਨੇ ਕਾਰ ਰੈਂਟ ਤੇ ਲੈ ਲਈ, ਘਰ ਅੱਗੇ ਲਾਈ
ਮਾਂ ਖੁਸ਼ੀਆਂ ਵਿਚ ਮਸਤ ਸੀ, ਕਹਿੰਦੇ ਸ਼ਗਨ ਮਨਾਉਣਾ..ਚੇਤੂ...

ਕਹੇ ਗਵਾਂਢਣ ਆਣ ਕੇ, ਤੁਸੀਂ ਸਾਰੇ ਤਰਗੇ
ਘਰ ਘਰ ਪੁੱਤਰ ਹੋਣ ਨੀ, ਤੇਰੇ ਚੇਤੂ ਵਰਗੇ
ਚੇਤ ਰਾਮ ਦੀ ਸ਼ਕਲ ਨਾ, ਮੈਥੋਂ ਗਈ ਪਛਾਈ
ਭਾਗਾਂ ਵਾਲੀ ਮਿਲੂਗੀ, ਇਹਨੂੰ ਕੁੜੀ ਸਿਆਣੀ

ਸਾਰੇ ਪਿੰਡ ਵਿਚ ਹੋ ਗਈ, ਉਹਦੀ ਬੱਲੇ ਬੱਲੇ
ਮੁੰਡਾ ਮਹਿੰਦੀ ਰਾਮ ਦਾ, ਭਰ ਲਿਆਇਆ ਬੈਲੇ
ਭੋਲੇ ਭਾਲੇ ਵੀਰ ਜੋ, ਧੋਖੇ ਵਿਚ ਆਉਂਦੇ
ਧੀ ਨੂੰ ਕਹਿੰਦੇ ਤੋਰਨਾ, ਭੋਏਂ ਗਹਿਣੇ ਪਾਉਂਦੇ
ਧੀ ਧਿਆਣੀ ਤੋਰਤੀ, ਮਾਂ ਢਿੱਡੋਂ ਜਾਈ
ਗਹਿਣਾ ਗੱਟਾ ਹੂੰਜਤਾ, ਕਰ ਦਿੱਤੀ ਸਫ਼ਾਈ

ਦੋਵੇਂ ਜਣੇ ਤੋਰਤੇ, ਲਖ ਸ਼ਗਨ ਮਨਾਏ
ਮਾਰ ਉਡਾਰੀ ਪਹੁੰਚ ਗਏ, ਵੈਨਕੂਵਰ ਆਲੇ
ਉਨ੍ਹੇ ਫੂਨ ਮਾਰਿਆ ਬਾਸ ਨੂੰ, ਗਿਟ ਮਿਟ ਸਮਝਾਵੇ
ਏਥੇ ਆਕੇ ਚੇਤ ਰਾਮ, ਕੈਬਨ ਵਿਚ ਜਾਵੇ

ਓਨੇ ਬੂਟ ਰਬੜ ਦੇ ਚਾੜ੍ਹ ਲਏ, ਹਥ ਸ਼ੱਬਲ ਉਠਾਵੇ
ਉਨੇ ਜਾਕੇ ਬੰਬਾ ਖੋਲਤਾ, ਨਾ ਦੇਰ ਲਗਾਵੇ
ਗੋਭੀ ਵਾਲੇ ਖੇਤ ਨੂੰ ਪਿਆ ਪਾਣੀ ਲਾਵੇ
ਉਨੇ ਪੀਤੀ ਕਾਫ਼ੀ ਆਣ ਕੇ, ਡਾਢਾ ਸ਼ਰਮਾਵੇ

ਕੁੜੀ ਸੀ ਬਿਟ ਬਿਟ ਦੇਖਦੀ, ਬੈਠੀ ਘਬਰਾਈ
ਧੋਖੇਬਾਜ਼ ਪਖੰਡੀਆ ਤੂੰ ਕਾਲਫ ਸੀ ਲਾਈ
ਬੂਟ ਸੂਟ ਕੋਈ ਦਿਸੇ ਨਾ, ਸਭ ਪਾਟੇ ਝੱਗੇ
ਘਰ ਬਾਰ ਸਾਰਾ ਹੂੰਜਿਆ, ਮੇਰੇ ਮਾਪੇ ਠੱਗੇ....

ਤੂੰ ਓਥੇ ਗੱਪਾਂ ਮਾਰੀਆਂ, ਕਿਉਂ ਕੁਫਰ ਸੀ ਤੋਲੇ
ਮੈਂ ਕਿਹਨੂੰ ਦੁੱਖ ਸੁਨਾਵਣੇ, ਨਾ ਕੋਲ ਵਿਚੋਲੇ
ਧੋਖੇਬਾਜ਼ ਫਰੇਬੀਆ ਗੱਲ ਸੁਣ ਤੂੰ ਮੇਰੀ
ਕਿੱਥੋਂ ਬਾਗ ਬਗੀਚੀਆਂ, ਕਿਹੜੀ ਕੋਠੀ ਤੇਰੀ?

ਤੂੰ ਹੇਰਾ ਫੇਰੀ ਛੱਡਦੇ, ਨਾ ਕਰ ਚਤਰਾਈ
ਭਾਂਡਾ ਠੀਕਰ ਦਿਸੇ ਨਾ, ਨਾ ਲੇਫ ਤਲਾਈ
ਤੂੰ ਮੈਨੂੰ ਨੌਕਰ ਜਾਪਦਾ, ਕਿਉਂ ਕਰੇਂ ਸ਼ੈਤਾਨੀ
ਆਪਾਂ ਰਲ ਮਿਲ ਘੱਟਾ ਛਾਨਣਾ, ਚੇਤੇ ਆਊ ਨਾਨੀ....

ਕਨੇਡਾ ਦੀ ਲਾਈਫ਼ ਬਾਰੇ

ਗਿਆ ਬਦਲ ਜ਼ਮਾਨਾ ਤੇ ਚਾਲ ਬਦਲੀ, ਬਦਲੇ ਢੰਗ ਸਭ ਰਹਿਣ ਤੇ ਖਾਣ ਦੇ ਨੇ
ਭਾਗਾਂ ਵਾਲੇ ਉਹ ਮਾਤਾ ਤੇ ਪਿਤਾ ਵੀਰੋ, ਪੁੱਤਰ ਜਿਨ੍ਹਾਂ ਦੇ ਫਰਜ਼ ਪਛਾਣਦੇ ਨੇ
ਹਾਣੀ ਹਾਣੀਆਂ ਨਾਲ ਗੱਲਾਂ ਸੁਣੇ ਕਰਦੇ, ਬੁੜ੍ਹੇ ਬੁੜ੍ਹੀ ਦਾ ਪਾਲਿਆ ਜੱਬ ਕਹਿੰਦੇ
ਮਾਤਾ ਪਿਤਾ ਦਾ ਘਟ ਸਤਿਕਾਰ ਕਰਦੇ, ਘਰਵਾਲੀ ਦੇ ਤਾਂ ਬਿਆਦਾਰ ਰਹਿੰਦੇ
ਧੰਨ ਭਾਗ ਭੈਣਾਂ ਉਨ੍ਹਾਂ ਮੇਰੀਆਂ ਦੇ, ਨੋਹਾਂ ਨਾਲ ਪਿਆਰ ਜੋ ਕਰਦੀਆਂ ਨੇ
ਗੱਲ ਸ਼ੁਰੂ ਮੈਂ ਲੱਗਿਆ ਕਰਨ ਵੀਰੋ, ਨੋਹਾਂ ਨਾਲ ਜੋ ਖਾਰਾਂ ਖਾ ਲੜਦੀਆਂ ਨੇ
ਵਸਤੇ ਰਸਦਿਆਂ ਜਦੋਂ ਵਿਗਾੜ ਪੈਜੇ, ਹੋਰ ਏਸ ਨਾਲੋਂ ਵੱਡਾ ਕੋਹੜ ਹੈ ਨਹੀਂ
ਨੋਂਹ ਸੱਸ ਦਾ ਜਦੋਂ ਵਿਗਾੜ ਪੈਜੇ, ਨਰਕ ਹੋਰ ਦੀ ਸੱਜਣੋ ਲੋੜ ਹੈ ਨਹੀਂ
ਸੱਸ ਕਹਿਣ ਲੱਗੀ ਨੋਹ ਅਪਣੀ ਨੂੰ, ਤੇਰੀ ਰੱਤ ਭੜਾਕੂਏ ਚੂਸਣੀ ਐਂ
ਤੋੜੇ ਤਿੰਨ ਫਲੈਟ ਨੀ ਵੱਜਣ ਬਾਰਾਂ, ਬੀ.ਏ., ਐੱਮ.ਏ. ਕੀ ਤੇਰੀ ਮੈਂ ਫੂਕਣੀ ਐਂ

ਮਿਲ ਗਈਆਂ 'ਸਟੈਪਾਂ' ਸਰਦਾਰਨੀ ਨੂੰ, ਨੋਂਹ ਨਾਲ ਫਿਰ ਝਗੜਾ ਵਧਾਉਣ ਲੱਗੀ
ਮਾਰੀ ਮੱਤ ਨਾ ਬੁੱਢੜੀ ਬਾਜ਼ ਆਵੇ, ਭੜਥੂ ਰੋਜ਼ ਸਵੇਰ ਨੂੰ ਪਾਉਣ ਲੱਗੀ
ਪੁੱਜ ਕੇ ਸ਼ੈਤਾਨ ਨੀ ਭੈਣੇ, ਟਾਕੀ ਲਾਉਂਦੀ ਅਸਮਾਨ ਨੂੰ
ਫੜਲਾਂ ਚਿੱਤ ਕਰਦਾ ਮੇਰਾ, ਗੁੱਤੋਂ ਰਕਾਨ ਨੂੰ
ਆਉਂਦਾ ਨਹੀਂ ਸਾਗ ਚੀਰਨਾ ਮੁਨੜੀ ਸ਼ੈਤਾਨ ਨੂੰ
ਅੱਖਾਂ ਵਿਚ ਪਾਕੇ ਕੱਜਲਾ, ਫੈਸ਼ਨ ਨਿੱਤ ਲਾਉਂਦੀਆਂ
ਨੋਹਾਂ ਵਿਚ ਖੋਟ ਹੋਣ ਜੋ, ਸੱਸ ਬਤਲਾਉਂਦੀ ਐ
ਗਹਿਣਾ ਜੋ ਗੱਟਾ ਮੇਰਾ, ਦੇਖਨਾ ਜਰਦੀ ਨੀ
ਚੀਜ਼ ਕੋਈ ਖਾਵਾਂ ਪੀਵਾਂ, ਦੇਖਕੇ ਸੜਦੀ ਨੀ
ਦੇਖਣ ਨੂੰ ਭੋਲੀ ਭਾਲੀ, ਪੂਰੀ ਆਫਤ ਨੀ
ਆਏ ਗਏ ਤੋਂ ਬਣਦੀ ਦਾਨੀ, ਪੂਰੀ ਕੰਮਜਾਤ ਨੀ
ਸੁਣਦਾ ਕਿਤੇ ਹੋਵੇ ਬੁਢੜੀਏ ਸੱਚਾ ਰੱਬ ਮੇਰਾ ਨੀ
ਵੱਢਿਆ ਜਾਏ ਫਾਹਾ ਭੈਣੇ, ਰੱਬ ਕਰੇ ਤੇਰਾ ਨੀ

ਨਿੰਦੇ ਨਿੱਤ ਮਾਪੇ ਮੇਰੇ, ਵੱਡੀਏ ਸ਼ੈਤਾਨੇ ਨੀ
ਤੇਰੇ ਨਾਲੋਂ ਚੰਗੇ ਪੇਕੇ, ਮੇਰੇ ਰਕਾਨੇ ਨੀ
ਨਿੰਦਿਆ ਤੇ ਚੁਗਲੀ ਬਾਝੋਂ, ਤੁਸੀਂ ਮਜਬੂਰ ਨੀ
ਨੋਂਹ ਨਾਲ ਰੱਖਣਾ ਝਗੜਾ, ਥੋਡਾ ਦਸਤੂਰ ਨੀ
ਕਹਿੰਦੇ ਸੀ ਸੁਰਗ ਕਨੇਡਾ.....

ਥਾਂ ਥਾਂ ਤੇ ਫੋਲੇਂ ਪੋਤੜੇ ਲੜਕੀ ਵਿਚਾਰੀ ਦੇ
ਆਖੇ ਮੈਂ ਲਗਕੇ ਫਸਗੀ, ਚਿੰਨਤੀ ਸੁਨਿਆਰੀ ਦੇ
ਲਿਖਦੀ ਨਿੱਤ ਚਿੱਠੀਆਂ ਰਹਿੰਦੀ, ਮਾਰੀ ਵਿਰਾਗ ਦੀ
ਦੱਸਾਂ ਕੀ ਤੈਨੂੰ ਹਰ ਕੁਰੇ, ਸੁੱਤੀ ਨੀ ਜਾਗਦੀ
ਰੋ ਰੋ ਕੇ ਕਰੇ ਬਹਾਨੇ, ਮੁੰਡੇ ਦੇ ਤਾਏ ਨੂੰ
ਘੂਰਦੀ ਮੰਮੀ ਮੈਨੂੰ, ਕਿੱਧਰ ਨੂੰ ਜਾਵਾਂ ਜੀ?
ਹੈ ਨੀ ਕੋਈ ਮੇਰਾ ਦਰਦੀ, ਕੀਕੂੰ ਮੈਂ ਦੱਸਾਂ ਜੀ
ਐਡੀ ਸ਼ੈਤਾਨ ਨੀ ਅੜੀਏ, ਹੱਥਾਂ ਤੇ ਚਾਰਦੀ
ਗੱਲ ਜੇ ਕਹਾਂ ਅਕਲ ਦੀ, ਮੂਹਰਿਓਂ ਘੇਰਦੀ
ਮਾੜਾ ਜਿਹਾ ਵੱਟਾਂ ਪਾਸਾ, ਬੁੱਲ੍ਹ ਅਟੇਰਦੀ
ਕੰਮ ਜੇ ਕਰਨਾ ਪੈਜੇ, ਭਾਂਡੇ ਖੜਕਾਉਂਦੀ ਐ
ਨੋਹਾਂ ਵਿਚ ਖੋਟ ਹੋਣ ਜੋ, ਸੱਸ ਬਤਲਾਉਂਦੀ ਐ

ਸ਼ਾਹਾਂ ਦਾ ਦਿਵਾਨਾ, ਬਾਪ ਨਿੱਤ ਪੈਰਾ ਨੀ
ਦਾਜ ਦਹੇਜ ਦੇ ਕੇ, ਭਰਤਾ ਘਰ ਤੇਰਾ ਨੀ
ਕਹਿੰਦੇ ਸੀ ਸੁਰਗ ਕਨੇਡਾ, ਕੰਨਿਆ ਤੂੰ ਵਿਆਹਤੀ ਨੀ
ਮਰਜੇ ਨਿ ਜੋ ਹੋਣਾ ਮਾਸੜ, ਪੁਆੜੇ ਵਿਚ ਪਾਤੀ ਨੀ
ਧੌਲਾ ਤੇਰਾ ਝਾਟਾ ਕੁਪੱਤੀਏ, ਜੀਭ ਤੇਰੀ ਕਾਲੀ ਨੀ
ਚਿਰ ਚਿਰ ਕਿਉਂ ਕਰੇਂ ਚੰਦਰੀਏ ਲਾਲਚ ਦੀ ਮਾਰੀ ਨੀ
ਨਿੰਦੇ ਨਿੱਤ ਮਾਪੇ ਮੇਰੇ, ਵੱਡੀਏ ਸ਼ੈਤਾਨੇ ਨੀ

ਤੇਰੇ ਨਾਲੋਂ ਚੰਗੇ ਪੇਕੇ, ਮੇਰੇ ਰਕਾਨੇ ਨੀ
ਨਿੰਦਿਆ ਤੇ ਚੁਗਲੀ ਬਾਝੋਂ ਤੁਸੀਂ ਮਜਬੂਰ ਨੀ
ਨੋਹਾਂ ਨਾਲ ਰੱਖਣਾ ਝਗੜਾ ਥੋਡਾ ਦਸਤੂਰ ਨੀ
ਕਹਿੰਦੇ ਸੀ ਸੁਰਗ ਕਨੇਡਾ....

ਲਿਖ ਲਿਖ ਕੇ ਪਾਓ ਚਿੱਠੀਆਂ, ਏਧਰ ਕੋਈ ਆਵੇ ਨਾ
ਪਰਖੇ ਬਿਨ ਬੁੱਢਡੀ ਪਹਿਲਾਂ, ਲੜਕੀ ਕੋਈ ਵਿਆਹਵੇ ਨਾ
ਲਿਖ ਲਿਖ ਦਰਦ ਕਹਾਣੀ, ਮਾਪਿਆਂ ਨੂੰ ਪਾਵੇ ਨਾ
ਕਰਨਾ ਨਾ ਪਵੇ ''ਫਵੋਰਸ'' ਕੋਰਟਾਂ ਵਿਚ ਜਾਵੇ ਨਾ
ਆਕੇ ਮੁਟਿਾਰ ਲਾਡਲੀ, ਫੇਰ ਪਛਤਾਵੇ ਨਾ
ਛੱਡਕੇ ਪੰਜਾਬ ਪਿਆਰਾ....

''ਗਰੇਵਾਲ'' ਹੈ ਲਿਖਦਾ ਵੀਰੋ, ਸਾਂਝੀ ਗੱਲ ਸਾਰਿਆਂ ਨੂੰ
ਸੌਖੀ ਜੇ ਰੱਖਣੀ ਚਾਹੁੰਦੇ, ਜਿੰਦੜੀ ਤੇ ਪਿਆਰਿਆਂ ਨੂੰ
ਸਤਿਗੁਰ ਦਾ ਨਾਮ ਸਿਮਰ ਲੋ ਛੱਡਕੇ ਮੁਖਤਿਆਰੀ ਨੂੰ
ਭੁੱਲ ਜੋ ਤੁਸੀਂ ਸੁਰਗ ਕਨੇਡਾ, ਨਾ ਛੱਡਿਓ ''ਸਰਦਾਰੀ'' ਨੂੰ।

ਕਰ ਠੱਗੀ ਠੋਰੀ

ਕਰ ਠੱਗੀ ਠੋਰੀ ਲੋਕਾਂ ਨਾਲ, ਨਿੱਤ ਅਤਰ ਫਲੇਲ ਲਗਾਉਨੈਂ ਤੂੰ
ਠੱਗ ਠੱਗ ਕਿਰਤੀ ਲੋਕਾਂ ਨੂੰ, ਪਿਆ ਉੱਚੇ ਮਹਿਲ ਬਨਾਉਨੈਂ ਤੂੰ
ਪਿੰਜਰ ਪਿਆ ਨਜਰੀ ਆਵੇਗਾ, ਰੂਹ ਉੱਡਜੂ ਵਿਚ ਵਿਵਾਨਾਂ ਦੇ
ਚੰਗੇ ਕੰਮ ਕਰਲੈ ਤੂੰ ਬੰਦਿਆ, ਜੋ ਚੇਤੇ ਆਉਣ ਇਨਸਾਨਾਂ ਦੇ...

ਕਿਉਂ ਠੱਗੀ ਠੋਰੀ ਕਰਦਾ ਏਂ, ਨਾ ਰੱਬ ਡਾਢੇ ਤੋਂ ਡਰਦਾ ਏਂ
ਜਦ ਅੱਗਾ ਨੇੜੇ ਰਹਿ ਜਾਵੇ, ਨਾਨਕ ਦੇ ਤਰਲੇ ਕਰਦਾ ਏਂ
ਨਬਜ਼ਾਂ ਵੀ ਖੜ੍ਹੀਆਂ ਆਖਰ ਨੂੰ, ਰੂਹ ਉਡਜੂ ਵਿਚ ਵਿਵਾਨਾਂ ਦੇ
ਚੰਗੇ ਕੰਮ.....

ਕੁਝ ਨੇਕ ਕਮਾਈ ਕਰ ਲੈ ਤੂੰ, ਡਾਢੇ ਦੀ ਚੌਕੀ ਭਰਲੈ ਤੂੰ
ਹੱਥ ਵਕਤ ਬੀਤਿਆ ਆਉਣਾ ਨਹੀਂ, ਜਿੰਦ ਰੋ ਰੋ ਕੇ ਪਛਤਾਵੇਗੀ
ਪਿੰਜਰ ਪਿਆ ਨਜ਼ਰੀਂ ਆਵੇਗਾ, ਰੂਹ ਉੱਡਜੂ ਵਿਚ ਵਿਵਾਨਾਂ ਦੇ
ਚੰਗੇ ਕੰਮ.....

ਪਾਪਾਂ ਦੀ ਬੇੜੀ ਡੁਬ ਜਾਂਦੀ, ਗੱਲ ਰੋਜ਼ ਸ਼ਹੀਦਾਂ ਦੀ
ਕੁਝ ਨੇਕ ਕਮਾਈ ਕਰ ਲੈ ਤੂੰ, ਕਿਉਂ ਪੀਨੈਂ ਰੱਤ ਗਰੀਬਾਂ ਦੀ
ਦੁਨੀਆ ਵਿਚ ਮੇਲਾ ਕੋਈ ਦਿਨਾ ਦਾ, ਰੂਹ ਉਡਜੂ ਵਿਚ ਵਿਵਾਨਾਂ ਦੇ
ਚੰਗੇ.....

ਜੀਹਨੂੰ ਕਰਦਾ ਮੇਰੀ ਮੇਰੀ ਏ, ਇਹ ਜਿੰਦ ਮਿੱਟੀ ਦੀ ਢੇਰੀ ਏ
ਫੜ ਖੂੰਡੀ ਕੁੱਭਾ ਹੋ ਤੁਰਿਆ, ਢਲ ਗਈ ਜੁਆਨੀ ਤੇਰੀ ਏ
ਵਾਪਸ ਫਿਰ ਸੱਜਣਾ ਨਹੀਂ ਮੁੜਦੇ, ਜੋ ਨਿਕਲੇ ਤੀਰ ਕਮਾਨਾਂ ਦੇ
ਚੰਗੇ.....

ਇਹ ਫਿਰਦੀ ਤੁਰਦੀ ਸੂਰਤ ਜੋ, ਕਦੇ ਨੀਂਦ ਸਦਾ ਦੀ ਸੌਂ ਜਾਂਦੀ
ਜਦ ਭੌਰ ਉਡਾਰੀ ਲਾ ਜਾਵੇ, ਫੇਰ ਚੱਕ ਲੋ ਚੱਕ ਲੋ ਹੋ ਜਾਂਦੀ
ਅੱਗੇ ਕਈ ਚਾਲੇ ਪਾ ਗਏ ਨੇ, ਮਾਲਕ ਜੋ ਤਖਤਾਂ ਤਾਜਾਂ ਦੇ
ਕਾਰਾਂ ਤੇ ਮੋਟਰ ਸੈਕਲ ਸਭ, ਛੱਡ ਜਾਣੇ ਵਿਚ ਗਰਾਜਾਂ ਦੇ
ਸਭ ਸਾਕ ਸਬੰਧੀ ਬੈਠਿਆਂ ਤੇ, ਤੈਨੂੰ ਅਰਥੀ ਉੱਤੇ ਪਾਵਣਗੇ
ਆਖਰ ਨੂੰ ਵਿਚ ਸ਼ਮਸ਼ਾਨੀ ਜਾਹ, ਤੈਨੂੰ ਲਾਂਬੂ ਲਾਵਣਗੇ
ਫੇਰ ਪੈਂਦਾ ਗੇੜ ਚੁਰਾਸੀ ਦਾ, ਨਹੀਂ ਰੁਕਦੇ ਹੜ ਤੂਫਾਨਾਂ ਦੇ
ਚੰਗੇ.....

ਜਦ ਧਰਮ ਰਾਜ ਨੇ ਸੱਦ ਲਿਆ, ਲੇਖਾ ਤੇਰਾ ਕਰਨਾ ਹੈ ਬੰਦਿਆ
ਛਡ ਜਾਣੇ ਪਲੰਘ ਨਵਾਰੀ ਤੂੰ, ਕਬਰਾਂ ਵਿਚ ਡੇਰਾ ਜਾ ਕਰਨਾ
ਅਰਥੀ ਦੇ ਡੋਲ ਬਣ ਜਾਂਦੇ, ਰੂਹ ਉਡਜੂ ਵਿਚ ਵਿਵਾਨਾਂ ਦੇ
ਚੰਗੇ.....

‘‘ਗਰੇਵਾਲ’’ ਦੁਨੀਆ ਮਤਲਬ ਦੀ ਮਿੱਟੀ ਵਿਚ ਮਿੱਟੀ ਹੋ ਜਾਣਾ
ਨਹੀਂ ਰਹਿਣਾ ਵਿਚ ਮਕਾਨਾਂ ਦੇ, ਚੰਗੇ ਕੰਮ ਕਰਲੈ ਤੂੰ ਬੰਦਿਆ.....

ਟਰੱਕ ਡਰੈਵਰ

ਟਰੱਕ ਡਰੈਵਰ ਵੀਰਨੋ, ਸਦਾ ਮੁਸਾਫ਼ਰ ਜਾਣ
ਨਾਲ ਇੰਜਣ ਦੇ ਦੋਸਤੀ, ਵਿਚ ਬਰੇਕਾਂ ਜਾਨ
ਗੱਡੀ ਜੋ ਮਰਸਰੀ ਇਹ ਗੱਡੀਆਂ 'ਚੋਂ ਸੋਹਣੀ ਹੈ
ਮਾਲਕਾਂ ਡਰੈਵਰਾਂ ਦੇ ਦਿਲਾਂ ਤਾਈਂ ਮੋਹਣੀ ਹੈ
ਥੱਕ ਗਏ ਇਹਨੂੰ ਡਰੈਵਰ ਭਜਾਕੇ
ਤੁਰੀ ਜਾਂਦੀ ਛਿੱਕਾਂ ਮਾਰਦੀ,
ਕਰੇ ਸੈਨਤਾਂ ਮੋੜ ਤੇ ਜਾਕੇ....

ਪੇਟੀਆਂ ਫਰੂਟ ਲੱਦੇ, ਫੌਜੀਆਂ ਦੇ ਖਾਣ ਨੂੰ
ਲੱਦਿਆ ਅੰਮ੍ਰਿਤਸਰੋਂ ਮਾਲ ਬੰਬੇ ਜਾਣ ਨੂੰ
ਰਾਣੀ ਅਸਟਾਰਟ ਕਰਲੀ
ਪਹਿਲਾਂ ਲੱਖ ਲੱਖ ਸ਼ਗਨ ਮਨਾ ਕੇ
ਰੋਡ ਉੱਤੇ ਜਾਵੇ ਮੇਲ੍ਹਦੀ
ਨੱਢੀ ਡੋਰੀਆਂ ਪਰਾਂਦੇ ਪਾਕੇ....

ਲੱਦ ਲਿਆ ਮਾਲ ਕਰੀ ਬੰਬੇ ਦੀ ਤਿਆਰੀ ਏ
ਗੱਡੀ ਇਹ ਡਰੈਵਰਾਂ ਨੂੰ, ਜਾਨ ਤੋਂ ਪਿਆਰੀ ਏ
ਬਾਡਰਾਂ ਤੇ ਝੱਟ ਪਹੁੰਚਦੀ,
ਖੜ੍ਹੀ ਕਰਤੀ ਬਰੇਕਾਂ ਲਾਕੇ
ਅੱਖਾਂ ਮਾਰਦੀ ਮੋੜ ਤੇ ਜਾਕੇ....

ਗੱਡੀਆਂ 'ਚ ਟੌਹਰ ਏਸ ਦਾ,
ਲੋਕੀ ਦੇਖਣ ਸੜਕ ਤੇ ਜਾਕੇ
ਢਾਬਿਆਂ ਤੇ ਖੜ੍ਹੇ ਟੌਹਰ ਨਾਲ,
ਮੁੰਡੇ ਤੁਰਦੇ ਪਰੌਂਠੇ ਖਾਕੇ
ਤੁਰੀ ਜਾਂਦੀ ਛਿੱਕਾਂ ਮਾਰਦੀ
ਕਰੇ ਸੈਨਤਾਂ ਮੋੜ ਤੇ ਜਾਕੇ....

ਘੁੰਮਦੇ ਸਪੀਡਾਂ ਨਾਲ ਟੈਰ ਕਹਿੰਦੇ ਬੱਲ੍ਹੀਏ
ਆ ਜਾ ਬੰਬੇ ਸ਼ਹਿਰ ਤੈਨੂੰ, ਛੇਤੀ ਲੈਕੇ ਚੱਲੀਏ
ਰੋਡ ਉੱਤੇ ਜਾਵੇ ਸ਼ੁਕਦੀ, ਨਾਲੇ ਬੀਨਾਂ ਵਾਲੇ ਹਾਰਨ ਵਜ਼ਾ ਕੇ
ਤੁਰੀ ਜਾਂਦੀ ਛਿੱਕਾਂ ਮਾਰਦੀ?
ਕਰੇ ਸੈਨਤਾਂ ਮੋੜ ਤੇ ਜਾਕੇ.....

ਬੰਬੇ ਆਉਣ ਜਾਣ ਵਿ ਵੀਕ ਲਾਉਂਦੀ ਏ
ਕਿਸ਼ਤ ਤਰੀਕ ਨਾਲੋਂ ਪਹਿਲਾਂ ਭਗਤਾਉਂਦੀ ਏ
ਵਾਰੀ ਵਾਰੀ ਜਾਣ ਲੱਦੀਆਂ,
ਨੰਬਰ ਲਗਦਾ ਅੰਮ੍ਰਿਤਸਰ ਜਾਕੇ
ਤੁਰੀ ਜਾਂਦੀ ਛਿੱਕਾਂ ਮਾਰਦੀ....
ਕਰੇ ਸੈਨਤਾਂ ਮੋੜ ਤੇ ਜਾਕੇ.....

ਜਾਨ ਤੋਂ ਪਿਆਰੀ ਕੀਤਾ ਕਦੇ ਪ੍ਰੇਸ਼ਾਨ ਨਈਂ
ਕਰਦੀ ਸਫ਼ਰ ਕਦੇ ਥੱਕੀ ਏ ਰਕਾਨ ਨਈਂ
ਉੱਚੇ ਨੇ ਪਹਾੜ ਵੀਰੋ, ਅੰਤ ਕੋਈ ਆਉਂਦਾ ਨਈਂ
ਠਾਰਾਂ ਠਾਰਾਂ ਟਨ ਮਾਲ ਘੱਟ ਕੋਈ ਪਾਉਂਦਾ ਨਈਂ
ਪਤਾ ਲੱਗੇ ਇਹਨੂੰ ਸੱਜਣੋਂ ਚਲਾਕੇ
ਤੁਰੀ ਜਾਂਦੀ ਛਿੱਕਾਂ ਮਾਰਦੀ....

ਦੇਖਕੇ ਸਿਫ਼ਤ ਇਹਦੀ, ਕਵਿਤਾ ਬਣਾਈ ਏ
ਕਹੇ ''ਗਰੇਵਾਲ'' ਬਾਰਾਂ ਸਾਲ ਮੈਂ ਚਲਾਈ ਏ
ਰੱਖਿਆ ਆਪਦਾ ਸੀ ਟੌਹਰ ਬਣਾਕੇ,
ਤੁਰੀ ਜਾਂਦੀ ਛਿੱਕਾਂ ਮਾਰਦੀ....
ਕਰੇ ਸੈਨਤਾਂ ਮੋੜ ਤੇ ਜਾਕੇ.....

ਬਾਲ ਨਿਆਣੇ

ਮੈਨੂੰ ਤਾਂ ਬਾਲ ਨਿਆਣੇ, ਬੜਾ ਸਿਤਾਉਂਦੇ ਨੇ
ਮਾੜਾ ਜਿਹਾ ਘੂਰਾਂ ਸੌਹਰੇ, ਦੰਦੀਆਂ ਚਿੜਾਉਂਦੇ ਨੇ
''ਕੁਐਟ'' ਰਹਿ ਬਾਬਾ ਨਹੀਂ ਤਾਂ ਮੰਮੀ ਨੂੰ ਦੱਸਾਂਗੇ
ਫ਼ਸੇ ਕਸੂਤੇ ਵੀਰਨੋਂ, ਕਿਧਰ ਨੂੰ ਨੱਸਾਂਗੇ....

ਪਿੰਡਾਂ ਦੀ ਚੌਧਰ ਛੱਡੀ, ਕਨੇਡਾ ਵਿਚ ਆਗੇ ਸੀ
ਆਪ ਸਭ ਤੁਰਗੇ ਸਟੋਰੀਂ, ਮੈਨੂੰ ਸਮਝਾਗੇ ਸੀ
ਵੱਜਣ ਜਦ ਬਾਰਾਂ ਪਿਤਾ ਜੀ, ਦੁੱਧ ਪਿਲਾ ਦਿਓ ਜੀ
ਚੂੰ ਚੂੰ ਜਦ ਕਰਨ ਵਿਚਾਰੇ, ''ਡੈਪਰ'' ਬਦਲਾ ਦਿਓ ਜੀ
ਟਿੱਚਰਾਂ ਇਹ ਕਰਦੇ ਨੇ, ਇੱਲਤਾਂ ਇਹ ਕਰਦੇ ਨੇ
ਇੱਲਤੀ ਨੇ ਪੂਰੇ ਬੱਚੇ, ਮਾਪਿਆਂ ਤੋਂ ਡਰਦੇ ਨੇ
ਮੈਂ ਤਾਂ ਜੇ ਘੂਰਾ ਸੌਹਰੇ, ''ਫੱਕ ਫੱਕ'' ਇਹ ਕਰਦੇ ਨੇ
''ਕੰਡੀ'' ਤੇ ''ਗ਼ਮ'' ਹਮੇਸ਼ਾ, ਰਹਿੰਦੇ ਨੇ ਟੋਲਦੇ
ਆਉਂਦੀ ਨੀ ਸਮਝ ਭਰਾਵੋ, ਇੰਗਲਸ਼ ਨੇ ਬੋਲਦੇ
ਇੱਕ ਜੇ ਸੌਂਜੇ ਪੱਟੂ, ਦੂਜਾ ਝੱਟ ਜਾਗਦਾ
ਆਪ ਸਭ ਤੁਰਗੇ ''ਸਟੋਰੀ'', ਮੈਨੂੰ ਸਮਝਾਗੇ ਸੀ
ਬਿੱਟੂ ਨੂੰ ਦੁੱਧ ਪਿਲਾਕੇ, ਡੋਲੀ ਵਿਚ ਪਾਇਓ ਜੀ
ਚੂੰ ਚੂੰ ਜਦ ਕਰਨ ਵਿਚਾਰੇ, ''ਡੈਪਰ'' ਬਦਲਾਇਓ ਜੀ

ਬੱਚਿਆਂ ਦੇ ਬਣੇ ਜਾਂਗੀਏ, ''ਡੈਪਰ'' ਸਭ ਕਹਿੰਦੇ ਨੇ
ਗਿੱਲੇ ਜਦ ਹੋਣ ਜਾਂਗੀਏ, ਹੌਂਕੇ ਇਹ ਲੈਂਦੇ ਨੇ
ਘੰਟੇ ਦੋ ਘੰਟੇ ਮਗਰੋਂ,, ਬਦਲਣੇਂ ਪੈਂਦੇ ਨੇ
ਬੱਚਿਆਂ ਦੀ ਤਰ੍ਹਾਂ ਧੀਆਂ ਨੂੰ, ਕਰਨੇ ਕੰਮ ਪੈਂਦੇ ਨੇ

ਕਾਹਦਾ ਏ ਸੁਰਗ ਕਨੇਡਾ, ਬੱਚੇ ਘਰੀਂ ਰੋਂਦੇ ਨੇ
ਆਪ ਸਭ ਤੁਰਗੇ ਕੰਮਾਂ ਤੇ, ਮੈਨੂੰ ਸਮਝਾਗੇ ਸੀ
ਪਿੰਕੀ ਨੂੰ ਦੁੱਧ ਪਿਲਾਕੇ, ਥਾਪੜ ਪਾ ਦਿਓ ਜੀ
ਚੂੰ ਚੂੰ ਜਦ ਕਰਨ ਵਿਚਾਰੇ, ''ਡੈਪਰ'' ਬਦਲਾ ਦਿਓ ਜੀ...

ਫਸਿਆ ਮੈਂ ਬੜਾ ਕਸੂਤਾ, ਸਮਝ ਕੋਈ ਆਉਂਦੀ ਨੀ
ਸੋਚਾਂ ਵਿਚ ਰਾਤ ਗੁਜ਼ਰਦੀ, ਨੀਂਦ ਭੈੜੀ ਆਉਂਦੀ ਨੀ
ਆਉਂਦਾ ਹੈ ਪਿਆਰ ਬਥੇਰਾ, ਨਿੱਕੇ ਜਿਹੇ ਦੋਹਤੇ ਦਾ
ਘਰ ਇਹ ਕਾਹਦਾ ਮੈਨੂੰ, ਪਿੰਜਰਾ ਹੈ ਤੋਤੇ ਦਾ
ਆਪ ਉਹ ਬਹਿਗਏ ਵੈਨ ਵਿਚ, ਮੈਨੂੰ ਸਮਝਾਗੇ ਸੀ
''ਗਾਰਡਨ'' ਨੂੰ ਪਾਣੀ ਪਿਤਾ ਜੀ, ਚੇਤੇ ਨਾਲ ਲਾਇਓ ਜੀ
ਚੂੰ ਚੂੰ ਜਦ ਕਰਨ ਵਿਚਾਰੇ, ''ਡੈਪਰ'' ਬਦਲਾਇਓ ਜੀ...

ਇੰਡੀਆ ਮੈਂ ਚਾਰਾਂ ਮੱਝਾਂ, ਏਥੇ ਨਾਲੋਂ ਸੌਖਾ ਜੀ
ਬੱਚਿਆਂ ਦਾ ਸਾਂਭ ਸੰਭੱਈਆ, ਮੱਝਾਂ ਨਾਲੋਂ ਔਖਾ ਜੀ
ਇੱਲਤੀ ਹੈ ਪੂਰਾ ਮੁੰਡਾ, ਵੱਡਾ ਜੋ ਭਾਗ ਦਾ
ਪਿੰਕੀ ਜਦ ਸੋਜੇ ਪੱਟੂ, ਝੱਟ ਇਹ ਜਾਗਦਾ.....

''ਗਰੇਵਾਲ'' ਗੱਲ ''ਡੈਪਰ'' ਵਾਲੀ ਜਦਲੀ ਮੁਕਾਦੇ ਤੂੰ
ਗੁਰਬਚਨ ਸਿੰਹੁ ਕਹੇ ਐਸੀ ਓ ਕਵਿਤਾ ਬਣਾਦੇ ਤੂੰ
ਭਾਨ ਸਿੰਘ ਪੇਂਡੂ ਕਹਿੰਦਾ, ਪੜ੍ਹਕੇ ਸੁਣਾਇਓ ਜੀ
ਚੂੰ ਚੂੰ ਜਦ ਕਰਨ ਵਿਚਾਰੇ, ''ਡੈਪਰ'' ਬਦਲਾਇਓ ਜੀ....

ਮਾਮਿਓਂ ਪਨੀਰੀ ਛੋਟੀ ਹੱਥੋਂ ਗਵਾਇਓ ਨਾ
ਭੁਲਜੂ ਪੰਜਾਬੀ ਬੋਲੀ ਫੇਰ ਪਛਤਾਇਓ ਨਾ
ਮਹਿਫਿਲ ਵਿਚ ਆਕੇ ਵੀਰੋ, ਰੋਲਾ ਕੋਈ ਪਾਉਣਾ ਨੀ

''ਡੈਪਰ'' ਜੇ ਹੋਵੇ ਸੁੱਕਾ, ਫੇਰ ਬਦਲਾਉਣਾ ਨੀ
''ਗਰੇਵਾਲਾ'' ਇਹ ਸੇਵਾ ਉੱਤਮ ਸਾਰੇ ਕਮਾਓ ਜੀ
ਚੂੰ ਚੂੰ ਜੇ ਕਰਨ ਵਿਚਾਰੇ, ਫੇਰ ਬਦਲਾਓ ਜੀ
ਚੂੰ ਚੂੰ.....

ਜਦੋਂ ਟੂਰ੍ਹਦੀ ਚੱਲਦੀ ਗੱਲ....

ਜਦੋਂ ਟੂਰ੍ਹਦੀ ਚੱਲਦੀ ਗੱਲ ਕੋਈ,
ਖਰਚਾ ਕਰਨ ਤੋਂ ਨਹੀਂ ਘਬਰਾਉਂਦੀਆਂ ਨੇ
ਕਰਾਂ ਸਿਫ਼ਤ ਮੈਂ ਭੈਣਾਂ ਪਿਆਰੀਆਂ ਦੀ,
ਹਿੱਸਾ ਮਰਦਾਂ ਦੇ ਵਾਂਗ ਏਹ ਪਾਉਂਦੀਆਂ ਨੇ

ਲੜਨ ਦਿਸੇ ਨਾਲ ਖੁਸ਼ੀ ਜਾਂ ਕਰਨ ਕੋਈ,
ਪੌੜੀ ਫੇਰ ਅਸਮਾਨ ਨੂੰ ਲਾਉਂਦੀਆਂ ਨੇ
ਮਰਦ ਪੁਤਲਾ ਸਦਾ ਹੈ ਹੱਡੀਆਂ ਦਾ,
ਅਣਖ਼ ਇੱਜ਼ਤ ਨੂੰ ਏਹੋ ਬਚਾਉਂਦੀਆਂ ਨੇ

ਫੁੱਲਾਂ ਵਾਂਗ ਇਹ ਪਾਲਦੀਆਂ ਪੁੱਤਰਾਂ ਨੂੰ,
ਪਤੀ ਨਾਲ ਵੀ ਸਾਥ ਨਿਭਾਉਂਦੀਆਂ ਨੇ
ਧੰਨ ਧੰਨ ਜੋ ਧੰਨ ਨੇ ਉਹ ਮਾਵਾਂ,
ਪੁੱਤ ਤਾਈਂ ਜੋ ਭਗਤ ਬਣਾਉਂਦੀਆਂ ਨੇ
ਪੇਟੋਂ ਇਨ੍ਹਾਂ ਸੂਰਮੇ ਹੋਣ ਪੈਦਾ,
ਚਾਰਚੰਦ ਜੋ ਕੌਮਾਂ ਨੂੰ ਲਾਉਂਦੀਆਂ ਨੇ

''ਗਰੇਵਾਲਾ'' ਤੂੰ ਗੱਲ ਨਿਬੇੜ ਜਲਦੀ
ਪ੍ਰਧਾਨ ਮੰਤਰੀ ਦਾ ਅਹੁਦਾ ਪਾਉਂਦੀਆਂ ਨੇ

ਮੱਲ ਕੁਰਸੀ

ਮਲ ਕੁਰਸੀ ਇਨਸਾਫ ਦੀ
ਠੱਗੀ ਤੇ ਠੱਗੀ ਲਾ ਰਹੇ
ਇਹ ਚਿੱਚੜ ਭੈੜੀ ਨਸਲ ਦੇ,
ਜੋ ਖੂਨ ਚੂਸੀ ਜਾ ਰਹੇ
ਉਤੋਂ ਤਾਂ ਮਿੱਠੇ ਦੋਸਤੋ,
ਅੰਦਰੋਂ ਕੌੜ ਤੁੰਮੇ ਨੇ
ਕਰ ਵਾਅਦੇ ਵੱਡੇ ਛੋਟੇ ਇਹ,
ਸਭ ਲਾਟੂ ਵਾਂਗਰ ਘੁੰਮੇ ਨੇ
ਦੁਖੀ ਦੀ ਸੁਣ ਫਰਿਆਦ ਨੂੰ,
ਲਾਰੇ ਤੇ ਲਾਰਾ ਲਾ ਰਹੇ
ਇਹ ਡਾਕੂ ਮੇਰੇ ਦੇਸ਼ ਦੇ
ਸਭ ਖੂਨ ਚੂਸੀ ਜਾ ਰਹੇ
ਬੇ-ਵਫਾਈ ਵਾਲੜਾ,
ਇਹ ਨਾ ਨੱਚੀ ਜਾ ਰਹੇ
ਲਾਕੇ ਨਾਅਰਾ ਧਰਮ ਦਾ,
ਜੰਤਾ ਨੂੰ ਲੁੱਟੀ ਜਾ ਰਹੇ।
ਠੂਠਾ ਤੱਕ ਗਰੀਬ ਦਾ
ਠੁੱਡੇ ਤੇ ਠੁੱਡਾ ਲਾ ਰਹੇ
ਕੁੱਝ ਲੀਡਰ ਭੈੜੀ ਨਸਲ ਦੇ,
ਜੋ ਖੂਨ ਚੂਸੀ ਜਾ ਰਹੇ
ਤਕਦੀਰ ਮੇਰੇ ਪੰਜਾਬ ਦੀ
ਸਾਬਣ ਨਾਲ ਹਰ ਕੋਈ ਧੋ ਗਿਆ
ਜੀਹਨੂੰ ਸੀ ਆਗੂ ਥਾਪਿਆ,
ਹਰ ਆਗੂ ਬੋਲਾ ਹੋ ਗਿਆ।

ਕੁਰਸੀ ਦੀ ਖਾਤਰ ਦੋਸਤੋ,
ਹਰ ਵੇਲਣ ਵੇਲੀ ਜਾ ਰਹੇ
ਇਹ ਡਾਕੂ ਮੇਰੇ ਦੇਸ਼ ਦੇ,
ਸਭ ਖ਼ੂਨ ਚੂਸੀ ਜਾ ਰਹੇ
ਸੁਣਿਓ ਵੀਰ ਪੰਜਾਬੀਓ,
ਚੰਗੀ ਆਜ਼ਾਦੀ ਆਈ ਏ
ਇਕਨਾ ਨੂੰ ਕਰਦੀ ਪਿਆਰ ਇਹ,
ਇਕਨਾ ਲਈ ਖੰਜਰ ਲਿਆਈ ਏ
''ਗਰੇਵਾਲਾ'' ਲੀਡਰ ਚੌਧਰੀ,
ਹਰਗੱਲ ਭੁਲੇਖੇ ਪਾ ਰਹੇ
ਕੁਝ ਲੀਡਰ ਭੈੜੀ ਨਸਲ ਦੇ,
ਜੰਤਾ ਨੂੰ ਲੁੱਟੀ ਜਾ ਰਹੇ।

ਜੋ ਮਿਹਰਾਂ ਕਰੀਆਂ ਦਾਤੇ ਨੇ

ਜੋ ਮੇਹਰਾਂ ਕਰੀਆਂ ਦਾਤੇ ਨੇ, ਉਨ੍ਹਾਂ ਦਾ ਸ਼ੁਕਰ ਮਨਾਉਂਦੀ ਨੀ
ਉਹ ਤਾਂ ਦੇਂਦਾ ਥੱਕਦਾ ਨਹੀਂ, ਪਰ ਮੰਗਣਾ ਤੈਨੂੰ ਆਉਂਦਾ ਨੀ
ਬਾਬਾ ਨਾਨਕ ਤੂੰ ਨੇਕੀ ਕਮਾ ਗਿਆ
ਰੂਪ ਰੱਬ ਦਾ ਫਕੀਰਾਂ ਤਾਈਂ ਜਾਣਕੇ,
ਸੱਚਾ ਸੌਦਾ ਕਰਕੇ ਜੱਗ ਨੂੰ ਦਿਖਾ ਗਿਆ
''ਖੇੜੀ ਉੱਜੜੀ'' ਕਿਸੇ ਆਣਕੇ ਜਾਂ ਲਾਈ ਲੂਤੀ ਪਿਤਾ ਨੂੰ,
ਪਰ ਰੱਬ ਆਕੇ ਆਪ ਫਸਲਾਂ ਖਿੜਾ ਗਿਆ।
ਜਦੋਂ ਫੇਰਾ ਪਾਇਆ ਮੱਕੇ ਤੇ ਮਦੀਨੇ ਵਿਚ,
ਬਾਬਾ ਨਾਨਕ ਸੀ ਮੱਕੇ ਨੂੰ ਘੁੰਮਾ ਗਿਆ
''ਗਰੇਵਾਲਾ'' ਬਾਬਾ ਨਾਨਕ ਮਹਾਨ ਏ
ਜੋ ਠੱਗਾਂ ਨੂੰ ਵੀ ਸੱਜਣ ਬਣਾ ਗਿਆ
''ਗਰੇਵਾਲਾ'' ਗੱਲ ਰੱਖ ਚੇਤੇ ਮੌਤ ਦੀ,
''ਕੈਕੂੰ'' ਬਾਦਸ਼ਾਹ ਵੀ ਅੰਤ ਚਾਲੇ ਪਾ ਗਿਆ।

ਅਸੀਂ ਗੱਭਰੂ ਦੇਸ਼ ਪੰਜਾਬ ਦੇ

ਅਸੀਂ ਗੱਭਰੂ ਦੇਸ਼ ਪੰਜਾਬ ਦੇ
ਸਾਡਾ ਵਾਂਗ ਫੌਲਾਦ ਸਰੀਰ
ਸਾਡੇ ਚੁੰਮੇ ਪੈਰ ਬਹਾਦਰਾਂ,
ਅਸੀਂ ਭਾਰਤ ਦੀ ਤਸਵੀਰ।
ਅਸੀਂ ਟੱਪ ਹਿਮਾਲਾ ਸਕਦੇ,
ਸਾਗਰ ਵੀ ਸਕਦੇ ਚੀਰ।
ਓਥੇ ਗੋਬਿੰਦ ਵਰਗੇ ਸੂਰਮੇ,
ਬਾਬੇ ਨਾਨਕ ਵਰਗੇ ਪੀਰ।
ਓਥੇ ਰਾਂਝੇ ਵਰਗੇ ਗੱਭਰੂ,
ਕਈ ਹੋ ਕੇ ਗਏ ਫ਼ਕੀਰ।
ਓਥੇ ਜੋਰਾਵਰ ਤੇ ਫਤਹਿ ਸਿੰਘ,
ਸਾਥੀ ਊਧਮ ਵਰਗੇ ਬੀਰ
ਮੇਰਾ ਦੇਸ਼ ਪੰਜਾਬ ਰੰਗੀਲੜਾ
ਜੋ ਸੁਰਗਾਂ ਦੀ ਤਸਵੀਰ।